ਸਰਪ੍ਰਸਤ ਗੁਰਗੱਦੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪੱਤਰ

# ੴ ਅਜੂਨੀ

ਅਕਤੂਬਰ-ਨਵੰਬਰ 1975

## ਸ੍ਰੀ ਸਤਿਗੁਰੂ ਗੁਰੂ ਨਾਨਕ ਦੇਵ ਜੀ ਦੇ ਸ਼ੁਭ ਆਗਮਨ-ਦਿਵਸ ਦੀ ਸਰਬੱਤ ਮਾਈ ਭਾਈ ਜੋਗ ਲਖ ਲਖ ਵਧਾਈ ਹੋਵੇ !

ਵਲੋਂ : ਗੁਰੂ ਨਾਨਕ ਦੇਵ ਜੀ ਦੀ ਅੰਸ—ਬਾਬਾ ਮਧੁਸੂਦਨ ਸਿੰਘ ਜੀ



ਬਾਬਾ ਸ੍ਰੀਚੰਦ ਜੀ॥ ਸ੍ਰੀ ਗੁਰੂ ਨਾਨਕ ਦੇਵ ਜੀ॥ ਬਾਬਾ ਲਖਮੀਦਾਸ ਜੀ॥

ਏਕ ਊਪਰ ਜਿਸ ਜਨ ਕੀ ਆਸਾ । ਤਿਸ ਕੀ ਕਟੀਐ ਜਮ ਕੀ ਫਾਸਾ ॥

- ਸੰਗਤ ਕਰੋ ਜੋ ਗੁਰੂ ਨਾਨਕ ਦੇ ਚਰਨਾਂ ਨਾਲ ਜੋੜੇ । ਕਿਨਾਰਾ ਕਰੋ ਜੋ ਗੁਰੂ ਨਾਨਕ ਦੇ ਚਰਨਾਂ ਨਾਲੋਂ ਤੋੜੇ ।
- ਇਲਾਹੀ ਸੰਦੇਸ਼ ਨੂੰ ਸਮਝੋ, ਅਪਨਾਓ, ਸਦਾ ਅਨੰਦ [illegible]
- ਪੰਥ ਨੂੰ ਚੜ੍ਹਦੀਆਂ ਕਲਾਂ ਵਲ ਲੈ ਜਾਓ, ਦੇਸ ਧਰੋ[illegible]ਤ !



ਅਜ ਦੇ ਵਰਤਮਾਨ ਸਮੇਂ ਦੇ ਗੁਰੂ ਨਾਨਕ ਜੀ ਦੀ ਅੰਸ ਵਿਚੋਂ ਸੇਵਾਦਾਰ ਜੋ ਹੁਣੇ ਹੁਣੇ ਵਿਦੇਸ਼ ਵਿਚ ਗੁਰਮਤ ਪ੍ਰਚਾਰ ਕਰਕੇ ਵਾਪਸ ਆਏ ਹਨ। ਸ੍ਰੀ ਹਜ਼ੂਰ ਬਾਬਾ ਮਧਸੂਦਨ ਸਿੰਘ ਜੀ ਬੇਦੀ, ਆਰੰਭ ਬਦੇਸ਼ ਯਾਤਰਾ ਤੇ ਆਪਣੀ ਸਪੁਤ੍ਰੀ ਬੀਬੀ ਸਵਰਨੀਕ ਕੌਰ ਸਮੇਤ, ਬੰਬਈ ਵਿਖੇ।



ਸ੍ਰੀ ਹਜ਼ੂਰ ਜੀ ਨੂੰ ਵਿਦੈਗੀ ਦੇਣ ਸਮੇਂ—ਬੀਬੀ ਰਾਧੇ (ਸਪੁਤ੍ਰੀ ਸ੍ਰੀ ਕੁੰਦਨ ਦਾਸ ਸਵਰਗਵਾਸੀ) ਅਤੇ ਨਰੇਸ਼ ਤੇ ਤਰੂਨ ਸਪੁਤਰ ਸ੍ਰੀ ਹੱਤ ਦਾਸ ਜੀ (ਸਪੁਤਰ ਸ੍ਰੀ ਕੁੰਦਨ ਦਾਸ ਜੀ) ਬੰਬਈ ਵਿਖੇ।

ੴ

ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਗੱਦੀ–ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਦੀ
ਸਰ-ਪ੍ਰਸਤੀ ਹੇਠ ਛਪਣ ਵਾਲਾ

# ਤ੍ਰੈ-ਮਾਸਕ ਪੱਤਰ ਅਜੂਨੀ ਮਨਸੂਰਾਂ (ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸਾਲ 6 ] ਸਤੰਬਰ, ਅਕਤੂਬਰ, ਨਵੰਬਰ 1975 ਅੰਕ 6, 7, 8

ਸਲੋਕ ਮ: ੩ ॥
ਨਾਨਕ ਨਾਵਹੁ ਘੁਥਿਆ ਹਲਤੁ ਪਲਤੁ ਸਭੁ ਜਾਇ ।
ਜਪੁ ਤਪੁ ਸੰਜਮੁ ਸਭੁ ਹਿਰਿ ਲਇਆ ਮੁਠੀ ਦੂਜੈ ਭਾਇ ।
ਜਮ ਦਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ।
ਮ: ੩ ॥ ਸੰਤਾ ਨਾਲ ਵੈਰੁ ਕਮਾਵਦੇ ਦੁਸਟਾ ਨਾਲਿ ਮੋਹ ਪਿਆਰੁ ।
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ।
ਤ੍ਰਿਸ਼ਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ।
ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ।
ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ।
ਪਉੜੀ ॥ ਜੋ ਹਰਿਨਾਮੁ ਧਿਆਇਦੇ ਸੇ ਹਰਿ ਹਰਿ ਨਾਮਿ ਰਤੇ ਮਨ ਮਾਹੀ ।
ਜਿਨਾ ਮਨਿ ਚਿਤਿ ਇਕੁ ਅਰਾਧਿਆ ਤਿਨਾ ਇਕਸ ਬਿਨੁ ਦੂਜਾ ਕੋ ਨਾਹੀ ।
ਸੇਈ ਪੁਰਖ ਹਰਿ ਸੇਵਦੇ ਜਿਨ ਧੁਰਿ ਮਸਤਕਿ ਲੇਖੁ ਲਿਖਾਹੀ ।
ਹਰਿ ਕੇ ਗੁਣ, ਨਿਤ ਗਾਵਦੇ ਹਰਿ ਗੁਣ ਗਾਇ ਗੁਣੀ ਸਮਝਾਹੀ ।
ਵਡਿਆਈ ਵਡੀ ਗੁਰਮੁਖਾ ਗੁਰ ਪੂਰੈ ਹਰਿਨਾਮਿ ਸਮਾਹੀ ।

## ਗੁਰੂ ਅੰਸ ਵਲੋਂ

# ਪੰਥ ਨੂੰ ਸੁਨੇਹਾ

'ਤਿਨ ਬੇਦੀਅਨ ਕੀ ਕੁਲ ਵਿਖੇ, ਪ੍ਰਗਟਿਓ ਨਾਨਕ ਰਾਇ।
ਸਭ ਸਿਖਨ ਕਉ ਸੁਖ ਦੀਉ, ਜਿਹ ਤਿਹ ਭਏ ਸਹਾਇ।'
'ਸਭ ਤੇ ਵੱਡਾ ਸਤਿਗੁਰ ਨਾਨਕ, ਜਿਨ ਕਲਿ ਰਾਖੀ ਮੇਰੀ।'

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੋ "ਅਨੇਕ ਕਲਾਂ ਲੈ ਠਾਕੁਰ ਚੜ੍ਹਿਆ" ਸਚੇ ਪਾਤਸ਼ਾਹ ਦੇ ਗੁਰਪੁਰਬ ਦੀ ਸਾਰੇ ਸੰਸਾਰ ਨੂੰ ਵਧਾਈ ਹੋਵੇ।

ਦਰਬਾਰ ਸਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਤੋਂ ਆਇਆ ਹੋਇਆ ਅੱਜ ਦਾ ਹੁਕਮਨਾਮਾ ਸਾਰੇ ਪੰਥ ਨੂੰ ਸੰਦੇਸ਼ ਦਿੰਦਾ ਹੈ।

ਤੀਜੇ ਗੁਰੂ ਨਾਨਕ ਦੇਵ ਜੀ ਮਹਾਰਾਜ ਫਰਮਾਉਂਦੇ ਹਨ–

ਨਾਨਕ ਨਾਵਹੁ ਘੁਥਿਆ ਹਲਤ ਪਲਤ ਸਭ ਜਾਇ॥

ਨਾਮ ਤੋਂ ਭੁਲਿਆ ਹੋਇਆ ਜੋ ਪੰਥ ਹੈ ਉਹਦੀ ਲੋਕ ਪ੍ਰਲੋਕ ਵਿਚ ਵੀ ਸਹਾਇਤਾ ਨਹੀਂ ਹੁੰਦੀ। ਮਸਾਲ ਸਿਖ ਰਾਜ ਗਿਆ। ਦੋਨੋ ਹਲਤ-ਪਲਤ ਐਵੇਂ ਚਲੇ ਜਾਂਦੇ ਹਨ, ਅਤੇ ਪ੍ਰਾਣੀ ਦੁਖੀ ਹੁੰਦਾ ਹੈ। ਐਥੇ ਦੁਖ ਘਨੇਰਿਆ ਅਗੈ ਠਉਰ ਨਾ ਠਾਉ। ਜੇ ਨਾਮ ਜਪੇ ਤੇ ਨਾਮ ਧਿਆਵੇ ਤਾਂ 'ਹਲਤ ਪਲਤ ਮੁਖ ਉਜਲ ਹੋਈ ਹੈ (ਸਿਖ ਰਾਜ ਦੀ ਪ੍ਰਾਪਤੀ) ਨਿਤ ਧਿਆਈਐ ਹਰਿ ਪੁਰਖ ਨਿਰੰਜਨਾ।' ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ–

'ਸੰਤਾਂ ਨਾਲ ਵੈਰ ਕਮਾਂਵਦੇ ਦੁਸ਼ਟਾਂ ਨਾਲ ਮੋਹ ਪਿਆਰ।'

ਇਹ ਵੀ ਸਾਂਝਾ ਉਪਦੇਸ਼ ਹੈ ਕਿ–

'ਨਿੰਦਾ ਭਲੀ ਕਿਸੇ ਕੀ ਨਾਹੀ, ਮਨਮੁਖ ਮੁਗਦ ਕਰੰਨਿ।'

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ–'ਕਰਨ ਨਾ ਸੁਨੇ ਕਾਹੂ ਕੀ ਨਿੰਦਾ'। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਨਿੰਦਾ ਤਾਂ ਸੁਣਨੀ ਵੀ ਨਹੀਂ ਚਾਹੀਦੀ। ਸਾਡਾ ਤਾਂ ਇਹ ਸੁਨੇਹਾ ਹੈ–ਕਿ (1) ਨਾਮ ਜਪਹੁ (2) ਨਿੰਦਿਆ ਨਾ ਕਰਹੁ। 'ਸਾਧ ਕਾ ਨਿੰਦਕ ਕੈਸੇ ਤਰੈ। ਸਰਪਰ ਜਾਨਹੁ ਨਰਕ ਹੀ ਪਰੈ।' ਕਾਹਨੂੰ ਨਰਕਾਂ ਦੇ ਅਧਿਕਾਰੀ ਬਣੀਏਂ ? ਕਿਸੇ ਸਾਧੂ ਸੰਤ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ ਤੇ ਸਾਧ ਸੰਤਾਂ ਨਿਸ਼ਕਾਮ ਪ੍ਰਚਾਰਕਾਂ ਗੁਰ ਅੰਸਾਂ ਨੂੰ ਇਕ ਪੰਥ ਵਿਚ ਸਤਿਕਾਰ ਪੂਰਬਕ ਸ਼ਾਮਲ ਕਰਨਾ ਜ਼ਰੂਰੀ ਹੈ। ਅਲੈਕਸ਼ਨ ਦਾ ਧੰਧਾ ਗੁਰਧਾਮਾਂ ਵਿਚੋਂ ਬੰਦ ਹੋਣਾ ਚਾਹੀਦਾ ਹੈ, ਪ੍ਰਬੰਧ ਦਾ ਢੰਗ ਬਦਲਣਾ ਜ਼ਰੂਰੀ ਹੈ।

ਅੱਜ ਦੇ ਮਹਾਂ ਵਾਕ ਵਿਚ ਜੋ ਉਪਦੇਸ਼ ਆਇਆ, (1) "ਉਪਦੇਸ਼ ਜੋ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ" (2) ਇਹ ਉਪਦੇਸ਼ ਮੋਕਉ ਗੁਰ ਦੀਨਾਂ ਜੀਉ" ਸਾਰੇ ਸੰਸਾਰ ਨੂੰ ਚਾਹੀਦਾ ਹੈ ਕਿ ਅੱਜ ਦੇ ਗੁਰ ਦੇ ਹੁਕਮ ਤੇ ਅਮਲ ਕਰੋ। ਹਿਰਦੇ ਵਿਚ ਇਹ ਗਲ ਵਸਾਉ ਕਿ 'ਨਾਂ ਕੋਈ ਬੈਰੀ ਨਹੀਂ ਬੇਗਾਨਾ, ਸਗਲ ਸੰਸ ਹਮ ਕਉ ਬਨਿ ਆਈ।' ਪਿਆਰ ਨਾਲ ਹੀ ਸਭ ਨੂੰ ਵਸ ਵਿਚ ਕਰ ਲਈਏ। ਗੁਰਪੁਰਬ ਦਾ ਸਦਕਾ ਸਾਨੂੰ ਸਾਰਿਆਂ ਨੂੰ ਮਿਲਵਰਤਣ ਦਾ ਗੁਰੂ ਬਲ ਬਖਸ਼ੇ।

ਦਾਸ : (ਬਾਬਾ) ਮਧੁਸੂਦਨ ਸਿੰਘ ਬੇਦੀ

## ਗੁਰੂ ਘਰ ਵਿਚ

# ਗੁਰਦੀਖਿਆ ਦੇਣ ਦਾ ਅਧਿਕਾਰ

ਕਈ ਪ੍ਰੇਮੀ 'ਗੁਰਦੀਖਿਆ' ਬਾਰੇ ਸ਼ੰਕੇ ਅਤੇ ਪੁੱਛਾਂ ਕਰਦੇ ਹਨ, ਉਨ੍ਹਾਂ ਜੋਗ ਦਸਿਆ ਜਾਂਦਾ ਹੈ ਕਿ ਦਸ ਪਾਤਸ਼ਾਹੀ ਗੁਰੂ ਜੀ ਮਹਾਰਾਜ ਆਪ ਭੀ ਗੁਰ ਦੀਖਿਆ ਦੇਂਦੇ ਰਹੇ ਅਤੇ ਹੋਰਨਾਂ ਪਾਸੋਂ ਭੀ ਦਿਵਾਉਂਦੇ ਰਹੇ। ਜਿਹੜੀਆਂ ਬਖ਼ਸ਼ੀਸ਼ਾਂ ਪ੍ਰੇਮੀਆਂ ਸਿਖਾਂ ਨੂੰ ਬਖ਼ਸ਼ੀਆਂ ਉਹ ਗੁਰ ਦੀਖਿਆ ਦੇਣ ਦਾ ਅਧਿਕਾਰ ਹੀ ਬਖ਼ਸ਼ਿਆ ਜਾਂਦਾ ਸੀ। ਸੋ ਓਹ ਪ੍ਰੇਮੀ ਲੋਕ ਭੀ ਬਖ਼ਸ਼ੀਸ਼ਾਂ ਲੈ ਕੇ, ਗੁਰ ਦੀਖਿਆ ਦੇ ਕੇ ਸੰਗਤਾਂ ਬਣਾਉਂਦੇ ਰਹੇ। ਜੋ ਅੱਜ ਤਕ ਉਨ੍ਹਾਂ ਦੀਆਂ ਉਲਾਦਾਂ ਉਨ੍ਹਾਂ ਸੰਗਤਾਂ ਵਿਚ ਗੁਰੂ ਤੁਲ ਮੰਨੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਇਹ ਭੀ ਸੰਕੇਤ ਨਹੀਂ ਕਿ ਜੋ ਕੋਈ ਬਾਬਾ ਸਾਹਿਬ ਦੀ ਬੰਸ ਤੋਂ ਗੁਰ ਦੀਖਿਆ ਲਵੇ, ਉਸੇ ਦਾ ਬੇੜਾ ਪਾਰ ਹੁੰਦਾ ਹੈ, ਦੂਜੇ ਤੋਂ ਲੈਣ ਕਰ ਕੇ ਨਹੀਂ ਹੁੰਦਾ। ਅਥਵਾ ਇਹ ਸਮਝਣਾ ਕਿ ਇਨ੍ਹਾਂ ਨੂੰ ਹੀ ਗੁਰ ਦੀਖਿਆ ਦੇਣ ਦਾ ਅਧਿਕਾਰ ਹੈ, ਦੂਜੇ ਕਿਸੇ ਨੂੰ ਨਹੀਂ। ਸੋ ਜੋ ਕੋਈ ਬ੍ਰਹਮ ਸ਼ਰੋਤ੍ਰੀ ਅਤੇ ਬ੍ਰਹਮ ਨੇਸ਼ਟੀ ਪੁਰਸ਼ ਹੋਵੇ, ਉਸ ਨੂੰ ਅਧਿਕਾਰ ਹੈ ਦੂਜੇ ਪ੍ਰੇਮੀ ਸ਼ਰਧਾਲੂ ਜਗਿਆਸੂ ਸਿੱਖ ਦਾ ਕਾਰਜ ਰਾਸ ਕਰ ਦੇਵੇ।

ਪ੍ਰੰਤੂ ਜੋ ਕੋਈ ਟਕੇ ਦੀ ਹਾਂਡੀ ਭੀ ਖਰੀਦ ਕਰਦਾ ਹੈ, ਉਹ ਭੀ ਠਕੋਰ ਲੈਂਦਾ ਹੈ, ਮਤ ਕੱਚੀ ਯਾ ਫੁੱਟੀ ਹੋਵੇ। ਈਕੁਰ ਹੀ ਗੁਰੂ ਦੀ ਢੂੰਡ ਵਾਲੇ ਜਗਿਆਸੂ ਨੂੰ ਚਾਹੀਦਾ ਹੈ ਕਿ ਸੋਧ ਕੇ ਗੁਰੂ ਕਰੇ, ਕਿਉਂ ਜੋ ਜਿਸ ਗੁਣ ਪਦਾਰਥ ਦੇ ਕਾਰਣ ਗੁਰਾਂ ਦੀ ਵਡਿਆਈ ਅਤੇ ਮਹੱਤਤਾਈ ਹੈ, ਉਹ ਤਾਂ ਜਗਿਆਸੀ ਸਿੱਖ ਜਾਣ ਹੀ ਨਹੀਂ ਸਕਦਾ। ਪਰ ਇਤਨੀ ਸੋਧ ਤਾਂ ਜ਼ਰੂਰ ਚਾਹੀਏ ਕਿ ਦਸ ਪਾਤਸ਼ਾਹੀ ਗੁਰੂ ਜੀ ਮਹਾਰਾਜ ਵਾਲੇ ਗੁਣ ਕਰਮ ਸੁਭਾਉ ਅਤੇ ਲੱਖਣ ਵਧੀਕ ਕਿਸ ਵਿਚ ਘਟਦੇ ਹਨ ਅਤੇ ਸਭਨੀਂ ਗੱਲੀਂ ਉਨ੍ਹਾਂ ਦੇ ਨੇੜੇ ਕਿਹੜਾ ਹੈ। ਸੋ ਜਿਸ ਵਿਚ ਦਸ ਪਾਤਸ਼ਾਹੀ ਗੁਰੂ ਜੀ ਮਹਾਰਾਜ ਦੇ ਗੁਣ ਕਰਮ ਸੁਭਾਉ ਲੱਖਣ ਬਹੁਤੇ ਪਾਏ ਜਾਣ ਅਤੇ ਸਭਨੀਂ ਗੱਲੀਂ ਉਨ੍ਹਾਂ ਦੇ ਨੇੜੇ ਪਾਇਆ ਜਾਏ, ਉਸ ਨੂੰ ਗੁਰੂ (ਧਰਮ ਆਗੂ) ਧਾਰਨ ਕਰੇ। ਸੁਖਮਨੀ ਦੀ ਅਠ੍ਹਾਰਵੀਂ ਅਸ਼ਟਪਦੀ ਵਿਚ ਜੋ ਗੁਰੂ ਦੇ ਲੱਖਣ ਵਰਣਨ ਕੀਤੇ ਹਨ ਸੋ ਇਹੋ ਜਿਹੇ ਮਹਾਂ ਪੁਰਸ਼ਾਂ ਵਿਚ ਹੁੰਦੇ ਹਨ। ਪਰ ਸਿੱਖ ਨੂੰ ਪਹਿਲਾਂ ਹੀ ਗੁਰੂ ਦੇ ਲੱਖਣਾਂ ਵਲ ਧਿਆਨ ਨਹੀਂ ਦੇਣਾ ਚਾਹੀਦਾ, ਸਿੱਖ ਦੇ ਲੱਖਣ ਜੋ ਉਸੀ ਅਠ੍ਹਾਰਵੀਂ ਅਸ਼ਟਪਦੀ ਵਿਚ ਵਰਣਨ ਹਨ, ਪਹਿਲਾਂ ਉਨ੍ਹਾਂ ਨੂੰ ਆਪ ਧਾਰਨ ਕਰੇ। ਜਦ ਮੁਰੀਦ ਮੁਰਦਾ ਹੋ ਜਾਂਦਾ ਹੈ, ਉਸ ਨੂੰ ਗੋਰ ਰੂਪੀ ਗੁਰੂ ਮਿਲ ਜਾਂਦਾ ਹੈ। ਬਹੁਤੀਆਂ ਕੁੜ੍ਹਕਾਂ ਅਤੇ ਸਿਆਣਪਾਂ ਕਰ ਕੇ ਗੁਰੂ ਨਹੀਂ ਪਾਇਆ ਜਾਂਦਾ, ਵਡਿਆਂ ਭਾਗਾਂ ਕਰ ਕੇ ਅਜਿਹਾ ਗੁਰੂ ਪ੍ਰਾਪਤ ਹੁੰਦਾ ਹੈ ਜੋ ਗੁਰੂ ਨਾਨਕ ਜੀ ਦੇ ਲੜ ਲਾਉਂਦਾ ਹੈ।

ਯਥਾ ਗੁਰੂ ਗਰੰਥ ਜੀ ਦਾ ਬਚਨ :

'ਸਹਸ ਸਿਅਣਪ ਲਇਆ ਨ ਜਾਈਐ ਨਾਨਕ ਐਸਾ ਗੁਰ ਵਡਭਾਗੀ ਪਾਈਐ ॥'

ਗੁਰੂ ਨਾਨਕ ਪਾਤਸ਼ਾਹ ਦੀ ਅੰਸ ਬੰਸ ਬਾਬਾ ਸਾਹਿਬ ਸਿੰਘ ਜੀ ਜੈਸੇ ਨਿਸਕਾਮ ਮਹਾਂ ਪੁਰਸ਼ ਦੀ ਅੰਸ ਨੂੰ ਗੁਰੂ ਧਾਰਨ ਕਰਨੇ ਕਰਕੇ ਇਸ ਧੋਖੇ ਦਾ ਭੀ ਡਰ ਨਹੀਂ ਹੁੰਦਾ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਦੀਖਿਆ ਤੋਂ ਬਿਨਾਂ ਕੋਈ ਹੋਰ ਦੀਖਿਆ ਦੇ ਕੇ ਕੁਰਾਹੇ ਪਾ ਦੇਣਗੇ, ਕਿਉਂ ਜੋ ਅਜੇਹੇ ਮਹਾਂਪੁਰਸ਼ ਸੰਪ੍ਰਦਾਈ ਹੁੰਦੇ ਹਨ। ਇਨ੍ਹਾਂ ਦੀ ਗੁਰ ਦੀਖਿਆ ਭੀ ਸੰਪ੍ਰਦਾਈ ਹੁੰਦੀ ਹੈ ਅਤੇ ਬਾਕੀ ਆਮ ਹੋਰਨਾਂ ਲੋਕਾਂ ਦੀ ਸੋਧ ਔਖੀ ਹੈ। ਧੋਖੇ ਦਾ ਡਰ ਬਹੁਤਾ ਹੁੰਦਾ ਹੈ।

ਪਰ ਕਈ ਲੋਕ ਬਾਬਾ ਸਾਹਿਬ ਤੇ ਇਤਰਾਜ਼ ਕਰਦੇ ਹਨ, ਕੋਈ ਕਹਿੰਦਾ ਹੈ ਕਿ ਗ੍ਰਿਹਸਤ ਕੁਟੰਬ ਵਿਚ ਲਪੇਟੇ ਹੋਏ ਹਨ, ਕਈ ਕਹਿੰਦੇ ਹਨ ਕਿ ਧਨ ਪਦਾਰਥ ਜਮਾਂ ਕਰਦੇ ਹਨ ਅਤੇ ਸਿੱਖਾਂ ਦੀ ਧਨ ਕਰਕੇ ਸਹਾਇਤਾ ਨਹੀਂ ਕਰਦੇ। ਕਈ ਕਹਿੰਦੇ ਹਨ ਕਿ ਸ਼ਿਕਾਰ ਖੇਡਦੇ ਜੀਵਾਂ ਦੀ ਹਿੰਸਾ ਕਰਦੇ ਹਨ।

ਇਸ ਪ੍ਰਕਾਰ ਦੇ ਇਤਰਾਜ਼ ਅਭਾਗੀ ਲੋਕਾਂ ਦੇ ਹਨ। ਗ੍ਰਹਿਸਤ ਕੁਟੰਬ ਵਿਚ ਲਿਪਟਣਾ ਗ੍ਰਹਿਸਤੀ ਵਾਸਤੇ ਕੋਈ ਪਾਪ ਨਹੀਂ। ਜਦ ਗ੍ਰਹਿਸਤੀ ਦਾ ਸ੍ਵਾਂਗ ਧਾਰਿਆ ਤਾਂ ਸ੍ਵਾਂਗ ਪੂਰਾ ਹੀ ਕਰਨਾ ਹੁੰਦਾ ਹੈ। ਗਰੰਥਾਂ ਵਿਚ ਵਰਣਨ ਹੋ ਚੁਕਾ ਹੈ ਕਿ ਸੂਰਜ ਭਗਵਾਨ ਦੀ ਆਗਿਆ ਪਾ ਕੇ ਯਾਗਵਲਕ ਜੀ ਨੇ ਗ੍ਰਹਿਸਤ ਕੀਤਾ। ਜਦ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਮਹਾਰਾਜ ਗੁਜਰਾਤ ਗਏ ਤਾਂ ਜਹਾਂਗੀਰ ਨਾਮ ਕਰ ਕੇ ਓਥੇ ਵਡਾ ਕਰਾਮਾਤੀ ਫ਼ਕੀਰ ਸੀ। ਉਹ ਮਹਾਰਾਜ ਦੇ ਪ੍ਰਤਾਪ ਨੂੰ ਦੇਖ ਕੇ ਸਹਾਰ ਨ ਸਕਿਆ ਅਤੇ ਕੁਤਰਕ ਕੀਤੀ। ਔਰਤ ਕਿਆ ਅਰ ਫ਼ਕੀਰੀ ਕਿਆ। ਬੇਟੇ ਕਿਆ ਤੇ ਫ਼ਕੀਰੀ ਕਿਆ। ਦੌਲਤ ਕਿਆ ਤੇ ਫ਼ਕੀਰੀ ਕਿਆ। ਹਿੰਦੂ ਕਿਆ ਤੇ ਫ਼ਕੀਰੀ ਕਿਆ। ਸੋ ਇਸ ਕੁਤਰਕ ਦਾ ਉਤਰ ਮਹਾਰਾਜ ਜੀ ਨੇ ਇਹ ਦਿਤਾ, ਔਰਤ ਈਮਾਨ, ਬੇਟੇ ਨਿਸ਼ਾਨ, ਦੌਲਤ ਗੁਜ਼ਰਾਨ, ਕਰਨੀ ਪ੍ਰਵਾਨ, ਕਿਆ ਹਿੰਦੂ ਕਿਆ ਮੁਸਲਮਾਨ। ਦੌਲਤ ਜਮਾਂ ਕਰਨੀ ਅਤੇ ਮੁਨਾਸਿਬ ਵਰਤਨੀ ਗ੍ਰਹਿਸਤੀ ਲਈ ਉਸ ਦੀ ਸ਼ੋਭਾ ਹੈ। ਜਿਸ ਤਰ੍ਹਾਂ ਕਹਾਵਤ ਹੈ, "ਗ੍ਰਹਿਸਤੀ ਕੌਡੀ ਬਿਨ ਕੌਡੀ ਦਾ ਅਤੇ ਤਿਆਗੀ ਕੌਡੀ ਨਾਲ ਕੌਡੀ ਦਾ"। ਇਨ੍ਹਾਂ ਸਾਹਿਬਾਂ ਨੇ ਬਹੁਤੇਰੇ ਨਿਰਧਨ ਸਿੱਖਾਂ ਨੂੰ ਰੁਪਇਆਂ ਦੀ ਮਦਦ ਦੇ ਦੇ ਕੇ ਕੰਮ ਰੋਜ਼ਗਾਰ ਲਾਇਆ। ਪਰ ਇਹ ਗੁਰੂ ਘਰ ਦੀ ਦੌਲਤ ਹੀ ਹੋਰ ਪ੍ਰਕਾਰ ਦੀ ਹੈ। ਜਿਸ ਸਿਖ ਨੇ ਰੁਪਿਆ ਵਰਤਿਆ, ਉਹ ਸਗੋਂ ਲਾਹੂ ਲਹਿੰਦਾ ਗਿਆ। ਹਥੋਂ ਤੰਗ ਹੀ ਰਿਹਾ। ਦਸਮ ਪਾਤਸ਼ਾਹ ਜੀ ਨੇ ਇਸੇ ਕਰਕੇ ਨੌਂ ਕਰੋੜ ਧਨ ਸਿੱਖਾਂ ਨੂੰ ਨਾ ਦਿੱਤਾ ਅਤੇ ਸਤਿਲੁਜ ਦਰਿਆ ਦੇ ਵਿਚ ਅਜੇਹੇ ਸਮੇਂ ਸੁਟਵਾਇਆ, ਜਿਸ ਸਮੇਂ ਸਿੱਖਾਂ ਨੂੰ ਇਕ ਇਕ ਪੈਸਾ ਭੀ ਮੋਹਰ ਤੇ ਇਕ ਇਕ ਦਾਣਾ ਅੰਨ ਦਾ ਭੀ ਮੋਤੀ ਦਾ ਦਾਣਾ ਸੀ। ਹੁਣ ਭੀ ਬਾਬਾ ਸਾਹਿਬ ਜੀ ਦੀ ਦਲੀਲ ਹੈ ਕਿ ਕਈ ਲਖ ਰੁਪਏ ਸਿੱਖਾਂ ਦੇ ਲਾਭ ਵਾਸਤੇ ਵਕਫ਼ ਕਰ ਦੇਈਏ। ਜੋ ਹੁਣ ਤਿੰਨ ਲਖ ਵਕਫ਼ ਕਰ ਦਿਤਾ ਹੈ ਇਸ ਦੀ ਆਮਦਨੀ ਸਿੱਖਾਂ ਦੇ ਲਾਭਕਾਰੀ ਕਾਰਜਾਂ ਵਿੱਚ ਖ਼ਰਚ ਹੁੰਦੀ ਰਹੇਗੀ। ਬਾਕੀ ਰਿਹਾ ਸ਼ਿਕਾਰ ਖੇਡਣਾ, ਜੀਵ ਹਿੰਸਾ ਅਤੇ ਮਾਸ ਖਾਣ ਦਾ ਇਤਰਾਜ਼। ਸੋ ਇਹ ਇਤਰਾਜ਼ ਜੈਨੀਆਂ ਸ੍ਰਾਵਗੀਆਂ ਦੇ ਗੁਰੂਆਂ ਤੇ ਹੋ ਸਕਦਾ ਹੈ, ਜਿਨ੍ਹਾਂ ਦੇ ਮੂੰਹ ਅੱਗੇ ਪੱਟੀ ਬੱਧੀ ਹੁੰਦੀ ਹੈ ਅਤੇ ਹੱਥ ਦੀ ਚੂਲੀ ਵਿੱਚ ਪਿਸ਼ਾਬ ਕਰਦੇ ਅਤੇ ਗੰਦਗੀ ਨੂੰ ਫੋਲ ਕੇ ਮਿੱਟੀ ਵਿਚ ਮਿਲਾ ਦੇਂਦੇ ਹਨ। ਸੋ ਬਾਬਾ ਸਾਹਿਬ ਜੈਨੀਆਂ ਸ੍ਰਾਵਗੀਆਂ ਢੂੰਡੀਆਂ ਦੇ ਗੁਰੂ ਨਹੀਂ, ਖ਼ਾਲਸਾ ਜੀ ਦੇ ਗੁਰੂ ਹਨ। ਜਿਸ ਤਰ੍ਹਾਂ ਖ਼ਾਲਸਾ ਪੰਥ ਸੂਰਬੀਰ ਸ਼ਸਤਰ ਧਾਰੀ ਛਤ੍ਰੀ ਵਰਣ ਹੈ ਇਸੇ ਤਰ੍ਹਾਂ ਇਸ ਪੰਥ ਦੇ ਗੁਰੂ ਭੀ ਸੂਰਬੀਰ ਸ਼ਸਤ੍ਰਧਾਰੀ ਛਤ੍ਰੀ ਵਰਣ ਹਨ। ਜਿਸ ਪ੍ਰਕਾਰ ਮੂੰਹ ਅਗੇ ਢੂੰਡੀਆਂ ਨੂੰ ਪੱਟੀ ਬੰਨ ਹਿੰਸਾ ਤੋਂ ਡਰਨਾ ਧਰਮ ਹੈ ਇਸੇ ਤਰ੍ਹਾਂ ਸ਼ਸਤ੍ਰੀਧਾਰੀ ਨੂੰ ਹਿੰਸਾ ਤੋਂ ਨਾ ਡਰਨਾ ਹੀ ਧਰਮ ਹੈ। ਹੋਰ ਇਹ ਹੈ ਕਿ ਰਿਖੀ ਦੋ ਪ੍ਰਕਾਰ ਦੇ ਹੁੰਦੇ ਹਨ, 1. ਇਕ ਬ੍ਰਹਮ ਰਿਖੀ, 2. ਦੂਜੇ ਰਾਜ ਰਿਖੀ। ਜੋ ਬ੍ਰਹਮ ਰਿਖੀ ਹੁੰਦੇ ਹਨ, ਉਹ ਕੇਵਲ ਨਿਰਵਿਰਤੀ ਵਿਚ ਹੁੰਦੇ ਹਨ। ਪ੍ਰਵਿਰਤੀ ਨਾਲ ਅਰਥਾਤ ਮੁਲਕ ਦੇ ਇੰਤਜ਼ਾਮ ਨਾਲ ਉਨ੍ਹਾਂ ਦਾ ਕੁਛ ਸੰਬੰਧ ਨਹੀਂ ਹੁੰਦਾ। ਦੁਧ ਚਾਵਲ ਅਤੇ ਦਾਲ ਚਾਵਲ ਅਥਵਾ ਕੰਦ ਮੂਲ ਆਦਿਕ ਉਨ੍ਹਾਂ ਦਾ ਅਹਾਰ ਹੁੰਦਾ ਹੈ ਅਤੇ ਇਕਾਂਤ ਪਰਬਤਾਂ ਦੀਆਂ ਕੰਦ੍ਰਾਂ ਵਿਚ ਅਥਵਾ ਬਨਾਂ ਵਿਚ ਉਨ੍ਹਾਂ ਦਾ

ਵਾਸਾ ਹੁੰਦਾ ਹੈ। ਜਗਤ ਦਾ ਕੋਈ ਸੁਖ ਲੈਣ ਦੀ ਉਨ੍ਹਾਂ ਨੂੰ ਆਗਿਆ ਨਹੀਂ। ਉਨ੍ਹਾਂ ਤੋਂ ਨਾ ਤਾਂ ਸਜਨਾਂ ਨੂੰ ਕੁਛ ਆਸ ਅਤੇ ਨਾ ਦੁਸ਼ਮਣਾਂ ਨੂੰ ਕੁਛ ਭਉ ਹੁੰਦਾ ਹੈ, ਅਤੇ ਦੂਜੇ ਜੋ ਰਾਜ ਰਿਖੀ ਹੁੰਦੇ ਹਨ ਸੋ ਉਹ ਪ੍ਰਵਿਰਤੀ ਅਤੇ ਨਿਰਵਿਰਤੀ ਦੋਹਾਂ ਵਿਚ ਹੀ ਪ੍ਰਪੱਕ ਹੁੰਦੇ ਹਨ। ਸ਼ਸਤ੍ਰਧਾਰੀ ਹੁੰਦੇ ਹਨ। ਪ੍ਰਤੱਖ ਵਿਵਹਾਰ ਇਨ੍ਹਾਂ ਦਾ ਰਾਜ ਪੁਰਸ਼ਾਂ ਜੈਸਾ ਹੁੰਦਾ ਹੈ। ਸੋ ਖ਼ਾਲਸਾ ਪੰਥ ਬ੍ਰਹਮ ਰਿਖੀਆਂ ਦਾ ਪੰਥ ਨਹੀਂ, ਰਾਜ ਰਿਖੀਆਂ ਦਾ ਹੈ। ਮੁਲਕ ਦੇ ਇੰਤਜ਼ਾਮ ਵਿਚ ਅਮਨ ਅਤੇ ਇਨਸਾਫ਼ ਦਾ ਵਾਲੀ ਹੈ। ਆਪਣੇ ਧਰਮੱਗ ਰਾਜਾ ਦੀ ਬਾਂਹ ਹੈ। ਸੱਜਨਾਂ ਨੂੰ ਇਸ ਪੰਥ ਪੁਰ ਬਹੁਤ ਕੁਛ ਆਸ ਅਤੇ ਦੁਸ਼ਮਣਾਂ ਨੂੰ ਬਹੁਤ ਕੁਛ ਭੈ ਹੈ। ਮਾਰਨਾ ਮਰਵਾਨਾ ਖ਼ਾਲਸਾ ਜੀ ਦਾ ਕੰਮ ਹੈ। ਸ਼ਿਕਾਰ ਖੇਡਣੇ, ਮਾਸ ਖਾਣੇ ਕਰਕੇ ਰਿਦਾ ਕਠੋਰ ਅਰਥਾਤ ਮਜ਼ਬੂਤ ਹੁੰਦਾ ਹੈ, ਜੋ ਛੱਤ੍ਰੀ ਸੂਰਬੀਰਾਂ ਦਾ ਮੂਲ ਧਨ ਹੈ। ਜਿਸ ਸੂਰਬੀਰ ਦਾ ਰਿਰਦਾ ਕਠੋਰ ਨਹੀਂ, ਉਸ ਨੇ ਸੂਰਬੀਰਤਾ ਨੂੰ ਲੱਜ ਹੀ ਲਵਾਉਣੀ ਹੈ। ਸੋ ਇਨ੍ਹਾਂ ਗੱਲਾਂ ਦਾ ਇਤਰਾਜ਼ ਬ੍ਰਹਮ ਰਿਖੀਆਂ ਪਰ ਆਉਂਦਾ ਹੈ ਰਾਜ ਰਿਖੀਆਂ ਪਰ ਨਹੀਂ ਆਉਂਦਾ। ਖ਼ਾਲਸਾ ਪੰਥ ਜੋ ਰਾਜ ਰਿਖੀਆਂ ਦਾ ਹੈ, ਇਸ ਨੂੰ ਘੋੜਿਆ, ਹਾਥੀਆਂ ਦੀਆਂ ਅੰਬਾਰੀਆਂ, ਪਾਲਕੀਆਂ ਪਰ ਚੜ੍ਹਨਾ, ਬਾਗਾਂ ਦੀ ਸੈਰ ਕਰਨਾ, ਅਤਰ ਲਗਾਣੇ, ਸੰਸਾਰ ਦੇ ਸੁਖ ਭੋਗਣੇ ਪ੍ਰਵਾਨ ਹਨ, ਜੋ ਬ੍ਰਹਮ ਰਿਖੀਆਂ ਨੂੰ ਯੋਗ ਨਹੀਂ।

ਖ਼ਾਲਸਾ ਪੰਥ ਵਿਚ ਰਾਜ ਜੋਗ ਦੋਵੇਂ ਹਨ। ਬ੍ਰਹਮ ਰਿਖੀਆਂ ਵਿਚ ਇਕੋ ਜੋਗ ਹੀ ਪ੍ਰਵਾਣ ਹੈ।

ਹੋਰ ਇਹ ਭੀ ਗੱਲ ਹੈ ਕਿ ਮਾਸ ਖਾਣਾ ਤਿਆਗੀ ਪੁਰਸ਼ਾਂ ਲਈ ਮਨਾਹੀ ਹੈ ਅਤੇ ਅਪਵਿਤਰ ਹੈ। ਗ੍ਰਹਿਸਤੀ ਨੂੰ ਮਾਸ ਖਾਣਾ ਪਵਿਤਰ ਕਿਹਾ ਜਾਂਦਾ ਹੈ। ਯਥਾ ਭਾਈ ਗੁਰਦਾਸ ਜੀ ਦਾ ਬਚਨ :

ਪਉੜੀ ॥

ਹਸਤਿ ਅਖਾਜ ਗੁਮਾਨ ਕਰ ਸੀਹੁ ਸਤਾਨਾ ਕੋਇ ਨ ਖਾਈ ॥
ਹੋਇ ਨਿਮਾਣੀ ਬਕਰੀ ਦੀਨ ਦੁਨੀ ਵਡਿਆਈ ਪਾਈ ॥
ਮਰਣੈ ਪਰਣੈ ਮੰਨੀਐ ਜੱਗ ਭੋਗ ਪ੍ਰਵਾਨ ਕਹਾਈ ॥
ਮਾਸ ਪਵਿਤਰ ਗ੍ਰਹਿਸਤ ਨੋਂ ਆਂਦਹੁ ਤਾਰ ਵੀਰ ਵਜਾਈ ॥
ਚਮੜੇ ਦੀਆਂ ਕਰ ਜੁਤੀਆਂ ਸਾਧੂ ਚਰਨ ਸਰਣ ਲਿਵ ਲਾਈ ॥
ਤੁਰ ਪਖਾਵਜ ਮੜ੍ਹੀਦੇ ਕੀਰਤਨ ਸਾਧ ਸੰਗਟਿ ਸੁਖਦਾਈ ॥
ਸਾਧ ਸੰਗਤਿ ਸਤਿਗੁਰੁ ਸਰਣਾਈ।

ਗੁਰੂ ਗਰੰਥ ਸਾਹਿਬ ਜੀ ਦਾ ਬਚਨ ਹੈ :

ਮਾਸ ਪੁਰਾਣੀਂ ਮਾਸ ਕਤੇਬੀਂ ਚਹੁ ਜੁਗ ਮਾਸ ਕਮਾਣਾ ॥
ਜਜ ਕਾਜ ਵੀਆਹੁ ਸੁਹਾਵੈ ਓਥੈ ਮਾਸ ਸਮਾਣਾ ॥

ਤਾਤਪ੍ਰਜ ਇਹ ਕਿ ਸਿੰਮ੍ਰਤੀਆਂ ਅਤੇ ਪੁਰਾਣਾਂ ਵਿਚ ਵੀ ਮਾਸ ਦਾ ਵਰਤਾਰਾ ਚਲਿਆ ਆਇਆ ਹੈ। ਮਨੂ ਸਿਮ੍ਰਤੀ ਵਿਚ ਸ੍ਰਾਧ ਪਰ ਕਿਸਮ ਕਿਸਮ ਦੇ ਜਾਨਵਰਾਂ ਮ੍ਰਿਗਾਂ ਦਾ ਮਾਸ ਖਵਾਉਣ ਵਿਚ ਵਖ ਵਖ ਮਹਾਤਮ ਕਿਹਾ ਹੈ। ਓਥੇ ਲਿਖਿਆ ਹੈ ਕਿ ਕਿਹੜਾ ਕਿਹੜਾ ਮਾਸ ਸ੍ਰਾਧ ਵਿਚ ਦੇਣ ਕਰ ਕੇ ਕਿਨਾ ਕਿਨਾ ਕਾਲ ਪਿਤ੍ਰ ਸੁਰਗਾਂ ਵਿਚ ਰਹਿੰਦੇ ਹਨ। ਹੁਣ ਤਕ ਕਸ਼ਮੀਰ ਵਿਚ ਮੱਛੀ ਦੇ ਮਾਸ ਦਾ ਪਿੰਡ ਸ੍ਰਾਧ ਵਿਚ ਦਿੰਦੇ ਹਨ। ਪੁਰਾਣਾਂ ਵਿਚ ਹੋਮ ਜੱਗਾਂ ਦਾ ਜੋ ਵਰਨਣ ਹੈ ਸੋ ਉਨ੍ਹਾਂ ਵਿਚ ਮਾਸ ਵਰਤਣ ਹੁੰਦਾ ਰਿਹਾ। ਯਥਾਂ ਗੁਰੂ ਗਰੰਥ ਸਾਹਿਬ ਜੀ ਦਾ ਵੀ ਕਥਨ ਹੈ, "ਗੈਂਡਾ ਮਾਰ ਹੋਮ ਜੱਗ ਕੀਏ ਦੇਵਤਿਆਂ ਕੀ ਬਾਣੈ"। ਵੇਦਾਂ ਵਿਚ ਭੀ ਮਾਸ ਦਾ ਜ਼ਿਕਰ ਹੈ। ਇਕ ਰਿਖੀ ਦੂਜੇ ਰਿਖੀ ਦੇ ਆਸ਼ਰਮ ਵਿਚ ਜਾਂਦਾ ਸੀ ਤਾਂ ਮਾਸ ਦੀ ਭੇਟਾ ਕਰ ਕੇ ਉਸ ਦੀ ਖਾਤਰ ਕੀਤੀ ਜਾਂਦੀ ਸੀ। (ਅਸੀਂ

ਇਸ ਵੇਦ ਦੇ ਪ੍ਰਸੰਗ ਨੂੰ ਜ਼ਿਆਦਾ ਵਿਸਥਾਰ ਨਹੀਂ ਕਰਦੇ)। ਮਤਲਬ ਇਹ ਕਿ ਵੇਦਾਂ ਪੁਰਾਣਾਂ ਸਿਮ੍ਰਤੀਆਂ ਤੋਂ ਸਿਧ ਹੁੰਦਾ ਹੈ ਕਿ ਪੂਰਬ ਸਮੇਂ ਵਿਚ ਇਹ ਕਦੀ ਖਿਆਲ ਹੀ ਨਹੀਂ ਹੋਇਆ ਕਿ ਮਾਸ ਅਪਵਿਤਰ ਵਸਤੂ ਹੈ ਅਤੇ ਇਹ ਤਰਕ ਕਰਨ ਯੋਗ ਹੈ। ਸੋ ਇਸ ਪ੍ਰਕਾਰ ਦਾ ਖਿਆਲ ਜੈਨ ਮਤ ਦੇ ਪ੍ਰਚਲਿਤ ਹੋਣ ਕਰਕੇ ਪੈਦਾ ਹੋਇਆ ਹੈ। ਜੈਨ ਮਤ ਦਾ ਇਹ ਅਸੂਲ ਕਾਇਮ ਹੋਇਆ (ਅਹਿੰਸਾ ਪ੍ਰਮੋ ਧਰਮਾ) ਹੁਣ ਜੋ ਮਾਸ ਨੂੰ ਤਰਕ ਕਰਨ ਯੋਗ ਵਸਤੂ ਸਮਝਦੇ ਹਨ ਸੋ ਜੈਨ ਧਰਮ ਦੇ ਅਸੂਲਾਂ ਦੀ ਪਾਲਨਾ ਕਰਦੇ ਹਨ। ਅਸਲ ਵਿਚ ਹਿੰਸਾ ਦਾ ਜੋ ਪਾਪ ਗਿਣਦੇ ਹਨ ਸੋ ਹਿੰਸਾ ਤਿੰਨ ਪ੍ਰਕਾਰ ਦੀ ਹੈ। ੧. ਮਨ ਕਰ ਕੇ ਕਿਸੀ ਦਾ ਬੁਰਾ ਚਿਤਵਨਾ, ਇਹ ਮਨ ਦੀ ਹਿੰਸਾ ਹੈ। ੨. ਬਚਨਾਂ ਕਰ ਕੇ ਕੌੜਾ ਬੋਲ ਕਹਿ ਕੇ ਕਿਸੇ ਦਾ ਮਨ ਦੁਖਾਉਣਾ, ਇਹ ਬਚਨਾਂ ਦੀ ਹਿੰਸਾ ਹੈ। ੩. ਹੱਥ ਕਰ ਕੇ ਕਿਸੇ ਨੂੰ ਸਿਰੋਂ ਮਾਰਨਾ ਅਥਵਾ ਸੋਟਾ, ਪੱਥਰ, ਇੱਟ, ਧੱਫਾ, ਮੁੱਕਾ ਮਾਰਨਾ ਇਹ ਕਰਮਾਂ ਦੀ ਹਿੰਸਾ ਹੈ। ਸੋ ਜਿੰਨੇ ਤਰ੍ਹਾਂ ਦੀ ਹਿੰਸਾ ਹੈ ਉਸ ਉਤੇ ਤਾਂ ਕੋਈ ਧਿਆਨ ਹੀ ਨਹੀਂ ਦਿੰਦਾ। ਜੈਨੀ ਆਦਿਕ ਜੋ ਆਪਣੇ ਪੰਥ ਨੂੰ ਅਹਿੰਸਕ ਮੰਨਦੇ ਹਨ ਉਹ ਵੀ ਮਨ, ਬਚਨਾਂ ਅਤੇ ਕਰਮਾਂ ਦੀ ਹਿੰਸਾ ਦਾ ਤਿਆਗ ਨਹੀਂ ਕਰਦੇ, ਅਤੇ ਨਾ ਕੋਈ ਬ੍ਰਹਮ ਰਿਖੀ ਜਾਂ ਤਿਆਗੀ ਹੀ ਇਸ ਪਾਸੇ ਧਿਆਨ ਦਿੰਦੇ ਹਨ। ਇਹ ਸਾਰੇ ਲੋਕ ਜੋ ਗੱਲ ਮੂੰਹ ਅੱਗੇ ਰਖਦੇ ਹਨ ਤਾਂ ਇਕੋ ਸਿਰੋਂ ਮਾਰਨ ਵਾਲੀ ਹਿੰਸਾ ਨੂੰ ਰਖ ਕੇ ਆਪਣੇ ਆਪ ਨੂੰ ਪੁੰਨੀ ਅਤੇ ਦੂਜਿਆਂ ਨੂੰ ਪਾਪੀ ਕਹਿਣ ਲਗ ਪੈਂਦੇ ਹਨ ਪਰ ਇਹ ਨਹੀਂ ਜਾਣਦੇ ਕਿ ਲੱਖਾਂ ਹੀ ਕੀੜੇ ਰੋਜ਼ ਹਵਾ ਵਿਚ ਸੁਆਸਾਂ ਨਾਲ ਅੰਦਰ ਚਲੇ ਜਾਂਦੇ ਹਨ। ਕਰੋੜਾਂ ਕੀੜੇ ਪਾਣੀ ਵਿਚ ਆਦਮੀ ਪੀ ਲੈਂਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਬਚਨ ਹੈ :

ਜੇਤੇ ਦਾਣੇ ਅੰਨ ਕੇ ਜੀਆਂ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥

ਸੋ ਬਨ ਤ੍ਰਿਣ ਪਰਬਤ ਬਨਾਸਪਤੀ ਜੋ ਹੈ ਸਭ ਜੀਆਂ ਦੀਆਂ ਜੂਨਾਂ ਹਨ। ਗੁਰੂ ਜੀ ਦਾ ਕਥਨ ਹੈ :

ਮਾਸ ਮਾਸ ਕਰ ਮੂਰਖ ਝਗੜੇ ਗਿਆਨ ਧਿਆਨ ਨਹੀਂ ਜਾਣੈ।
ਕਉਣ ਮਾਸ ਕਉਣ ਸਾਗ ਕਹਾਵੈ ਕਿਸ ਮੈਂ ਪਾਪ ਸਮਾਣੈ।

ਬਨਾਸਪਤੀ ਆਦਿਕਾਂ ਜੜ੍ਹ ਅਤੇ ਜੰਗਮ ਜੀਵਾਂ ਵਿਚ ਫ਼ਰਕ ਹੈ ਤਾਂ ਕੇਵਲ ਅੰਤਿਸ਼ਕਰਨ ਦਾ ਹੈ। ਮਨੁਖਾਂ ਜੂਨ ਵਿਚ ਅੰਤਿਸ਼ਕਰਨ ਉੱਤਮ ਹਨ, ਪਸ਼ੂਆਂ ਅਤੇ ਜੰਗਮ ਜੀਵਾਂ ਵਿੱਚ ਮਧਮ ਹਨ। ਜੰਗਮ ਜੀਵਾਂ ਵਿਚ ਸੂਖਮ ਹਨ। ਪਰ ਜੀਵ ਸਭਨਾਂ ਵਿਚ ਇਕੋ ਜਹਿਆ ਹੈ। ਸੋ ਸਭਨਾਂ ਜੀਵਾਂ ਦਾ ਦੇਹ ਅੰਤ ਹੋਣਾ ਅਥਵਾ ਨਾ ਹੋਣਾ ਇਹ ਕਿਸੇ ਦੇ ਵਸ ਨਹੀਂ ॥ ਯਥਾ ਬਚਨ :

"ਜੀਆ ਮਾਰ ਜਿਵਾਲੇ ਸੋਈ ਅਵਰ ਨ ਕੋਈ ਰਖੈ।

ਤਾਤਪ੍ਰਯ ਇਹ ਕਿ ਜਦ ਤਕ ਦੇਸ ਕਾਲ ਤੇ ਵਸਤੂ,ਇਹ ਤਿੰਨੇ ਇਕੱਤਰ ਨਹੀਂ ਹੁੰਦੇ ਤਦ ਤਕ ਕਿਸੇ ਜੀਵ ਦਾ ਦੇਹ ਅੰਤ ਨਹੀਂ ਹੁੰਦਾ, ਕਾਲ ਉਸ ਦੀ ਆਪ ਰਖਿਆ ਕਰਦਾ ਹੈ। ਅਤੇ ਜਦ ਇਹ ਤਿੰਨੇ ਇਕੱਤ੍ਰ ਹੁੰਦੇ ਹਨ ਤਦ ਕੋਈ ਉਸ ਨੂੰ ਨਹੀਂ ਬਚਾ ਸਕਦਾ। ਜਿਸ ਸਥਾਨ ਵਿਖੇ ਪ੍ਰਾਣ ਦੇਣੇ ਹੋਣ ਉਹ ਸਥਾਨ, ਜਿਸ ਸਮੇਂ ਪ੍ਰਾਣ ਤਿਆਗਣੇ ਹੋਣ ਉਹ ਸਮਾਂ, ਜਿਸ ਕਾਰਣ ਕਰਕੇ ਪ੍ਰਾਣ ਤਿਆਗਣੇ ਹੋਣ ਉਹ ਵਸਤੂ ਇਨ੍ਹਾਂ ਤਿੰਨਾਂ ਦੇ ਇਕੱਤਰ ਹੋਣੇ ਕਰ ਕੇ ਫ਼ੈਸਲਾ ਹੋ ਜਾਂਦਾ ਹੈ। ਉਸ ਤੋਂ ਘਟ ਵਧ ਨਹੀਂ ਹੁੰਦਾ। ਇਹ ਬਚਨ ਵੀ ਹੈ :

"ਫਣਘਾਲੇ ਸਭ ਦਿਵਸ ਸੁਆਸ ਨਹਿ ਬਢਨ ਘਟਨ ਤਿਲ ਸਾਰ"

ਹੋਰ–ਮਾਰੈ ਰਾਖੇ ਏਕੋ ਆਪ ॥
ਹੋਰ–ਜਿਸਕੀ ਪੂਜੈ ਅਉਧ ਤਿਸੈ ਕਉਣ ਰਾਖਈ ॥
ਵੈਦਕ ਅਨਿਕ ਉਪਾਇ ਕਹਾ ਲਉ ਭਾਖਈ ॥

ਸੋ ਜਿਨ੍ਹਾਂ ਜਿਨ੍ਹਾਂ ਜੀਵਾਂ ਦੀ ਜਿਸ ਜਿਸ ਦੇ ਹਥੋਂ ਮੌਤ ਲਿਖੀ ਹੈ ਅਤੇ ਜਿਨ੍ਹਾਂ ਜਿਨ੍ਹਾਂ ਜੀਵਾਂ ਦਾ ਮਾਸ ਜਿਸ ਦੇ ਜਿਸ ਦੇ ਅਰਥ ਆਵਣਾ ਬਣਿਆ ਹੈ ਉਹ ਅਵੱਸ਼ ਹੋਣਾ ਹੈ। ਇਹ ਸਾਰੀ ਵਿਧੀ ਉਨ੍ਹਾਂ ਦੇ ਕਰਮਾਂ ਅਨੁਸਾਰ ਕਰਤਾਰ ਨੇ ਹੀ ਪਹਿਲੇ ਦਿਨ ਤੋਂ ਬਣਾ ਛੱਡੀ ਹੋਈ ਹੈ। ਬਾਕੀ ਰਿਹਾ ਹਿੰਸਾ ਦਾ ਪਾਪ ਸਮਝਣਾ ਸੋ ਇਹ ਭੀ ਇਕ ਰਸ ਨਹੀਂ। ਇਹ ਭੀ ਦੇਸਕਾਲ ਆਦਿਕਾਂ ਉਤੇ ਹੈ। ਸਭਨਾਂ ਹਿੰਸਾ ਕੋਲੋਂ ਮਨੁਖ ਦੀ ਹਿੰਸਾ ਦਾ ਬਾਹਲਾ ਪਾਪ ਸਮਝਿਆ ਜਾਂਦਾ ਹੈ। ਪਰ ਇਸ ਦਾ ਭੀ ਅਸਥਾਨ ਭੇਦ ਹੈ। ਕਿਧਰੇ ਪਾਪ ਹੈ ਕਿਧਰੇ ਪੁੰਨ ਹੈ। ਇਕ ਮਨੁਖ ਦੀ ਹਿੰਸਾ ਉਹ ਹੈ ਜੋ ਕੋਈ ਕਰੇ, ਉਸ ਨੂੰ ਪਾਪ ਸਮਝ ਕੇ ਉਸ ਦੇ ਬਦਲੇ ਰਾਜਾ ਹਿੰਸਕ ਨੂੰ ਫਾਂਸੀ ਦੇ ਕੇ ਉਸ ਦੇ ਨਾਲ ਹੀ ਪ੍ਰਲੋਕ ਨੂੰ ਪਹੁੰਚਾਉਂਦਾ ਹੈ ਅਤੇ ਦੂਜੀ ਹਿੰਸਾ ਉਹ ਭੀ ਹੈ ਕਿ ਜਿਤਨਿਆਂ ਆਦਮੀਆਂ ਨੂੰ ਮਾਰੇ ਉਤਨਾ ਹੀ ਉਸ ਦਾ ਉਪਕਾਰ (ਪੁੰਨ) ਸਮਝਕੇ ਰਾਜਾ ਉਸ ਨੂੰ ਇਨਾਮ ਸਿਰੋਪਾ, ਬਹਾਦਰੀਆਂ, ਅਹੁਦੇ ਦੇ ਕੇ ਖੁਸ਼ ਹੁੰਦਾ ਹੈ। ਇਸੇ ਤਰ੍ਹਾਂ ਹੋਰ ਭੀ ਸਮੇਂ ਸਮੇਂ ਦੇ ਭੇਦ ਹਨ ਅਤੇ ਦਇਆ ਜੋ ਧਰਮ ਦਾ ਮੂਲ ਸਮਝੀ ਜਾਂਦੀ ਹੈ ਉਸ ਦੇ ਭੀ ਵੱਖੋ ਵੱਖਰੇ ਖਿਆਲਾਂ ਅਨੁਸਾਰ ਵੱਖੋ ਵੱਖਰੇ ਭੇਦ ਹਨ। ਕਈ ਜਾਨਵਰ ਜੋ ਮਾਸ ਅਹਾਰੀ ਹਨ ਬਾਜਾਂ ਬਾਸ਼ਿਆਂ ਆਦਿਕ ਉਨ੍ਹਾਂ ਨੂੰ ਹਿੰਸਾ ਤੋਂ ਡਰਦੇ ਭੁਖੇ ਰਖਣਾ ਕਿਹੜੀ ਦਇਆ ਹੈ। ਇਕ ਪਸ਼ੂ ਹੈ ਉਹ ਦੁਖ ਦੇਂਦਾ ਹੈ ਉਸ ਦੀ ਰਖਿਆ ਕਰਨੀ ਨਹੀਂ ਸਗੋਂ ਮਾਰਨਾ ਹੀ ਦਇਆ ਸਮਝਦੇ ਹਨ। ਕਈ ਜਾਨਵਰਾਂ ਨੂੰ ਦੁਖੀ ਦੇਖ ਕੇ ਜਦ ਜਾਣਦੇ ਹਨ ਕਿ ਇਸ ਨੇ ਬਚਣਾ ਨਹੀਂ ਤਾਂ ਤਰਸ (ਦਇਆ) ਕਰ ਕੇ ਗੋਲੀ ਨਾਲ ਉਸ ਨੂੰ ਮਾਰ ਦਿੰਦੇ ਹਨ। ਇਹ ਗੱਲ ਇਥੋਂ ਤਕ ਭੀ ਹੈ ਕਿ ਕਿਸੇ ਦਾ ਪੁੱਤਰ ਯਾ ਪਿਤਾ ਯਾ ਕੋਈ ਹੋਰ ਪਿਆਰਾ ਸੰਬੰਧੀ ਬੀਮਾਰੀ ਵਿਚ ਬਹੁਤਾ ਦੁਖੀ ਹੁੰਦਾ ਹੈ ਤਾਂ ਉਸ ਲਈ ਪ੍ਰਾਰਥਨਾ ਦਾ ਤਰੀਕਾ ਵਰਤਿਆ ਜਾਂਦਾ ਹੈ ਕਿ ਹੇ ਨਰਾਇਣ,ਇਸ ਨੂੰ ਪਾਰ ਕਰ। ਕਈਆਂ ਦਾ ਇਹ ਖਿਆਲ ਹੈ ਕਿ ਇਹ ਪਸ਼ੂ ਪੰਛੀ ਦੀਆਂ ਜੂਨਾਂ ਹੀ ਨਰਕ ਹੈ। ਸੋ ਜੀਵਾਂ ਨੂੰ ਨਰਕਾਂ ਤੋਂ ਬਚਾਉਣਾ ਹੀ ਦਇਆ ਹੈ। ਕਈਆਂ ਦਾ ਇਹ ਖ਼ਿਆਲ ਹੈ ਕਿ ਨਰਕੀ ਜੂਨਾਂ ਵਿਚੋਂ ਕਿਸੇ ਮਹਾਤਮਾ ਦੇ ਹੱਥੋਂ ਛੁਟਕਾਰਾ ਜੀਵ ਦਾ ਹੋਵੇ ਤਾਂ ਉਸ ਦੇ ਭਵਿਖਤ ਜਨਮ ਵਿਚ ਉਸ ਜੀਵ ਨੂੰ ਲਾਭ ਪਹੁੰਚਦਾ ਹੈ।

ਸੋ ਭਾਵ ਇਹ ਕਿ ਇਸ ਪ੍ਰਕਾਰ ਦੇ ਜਦ ਬਹੁਤੇ ਖ਼ਿਆਲ ਇਕੱਤਰ ਕਰਨ ਲਗੀਏ ਤਾਂ ਸ਼ਿਕਾਰ ਖੇਲਣ ਮਾਸ ਖਾਣ ਵਿਚ ਕੋਈ ਪਾਪ ਸਿੱਧ ਨਹੀਂ ਹੁੰਦਾ, ਜੇਕਰ ਸਿੱਧ ਹੁੰਦਾ ਹੈ ਤਾਂ ਕੇਵਲ ਇਹ ਕਿ ਸ਼ਿਕਾਰ ਖੇਡਣ ਅਤੇ ਮਾਸ ਖਾਣ ਵਿਚ ਮਨ ਕਠੋਰ ਹੁੰਦਾ ਹੈ। ਸੋ ਹੁਣ ਇਹ ਦੇਖਣਾ ਚਾਹੀਦਾ ਹੈ ਕਿ ਮਨ ਕਠੋਰ ਕਰਨਾ ਪੁੰਨ ਹੈ, ਅਥਵਾ ਪਾਪ। ਇਸ ਵਿਚਾਰ ਵਿਚ ਇਹ ਸਿਧ ਹੁੰਦਾ ਹੈ ਕਿ ਬ੍ਰਹਮ ਰਿਖੀ ਤਿਆਗੀ ਪੁਰਸ਼ਾਂ ਨੂੰ ਰਿਦਾ ਕਠੋਰ ਕਰਨਾ ਪਾਪ ਹੈ ਅਤੇ ਛੱਤ੍ਰੀ ਸੂਰਬੀਰਾਂ ਨੂੰ ਕੋਮਲ ਕਰਨਾ ਪਾਪ ਹੈ। ਛੱਤ੍ਰੀ ਬ੍ਰਿਤ ਰਖਣੀ ਇਕ ਐਸਾ ਧਰਮ ਹੈ ਕਿ ਅਮਨ ਇਸੇ ਦੇ ਆਸਰੇ ਹੈ ਅਤੇ ਜਿਤਨੇ ਧਰਮ ਹਨ ਉਹ ਸਾਰੇ ਅਮਨ ਦੇ ਆਸਰੇ ਹਨ। ਜੇਕਰ ਸ਼ਸਤ੍ਰਧਾਰੀ ਲੋਕ ਰਿਦਾ ਕੋਮਲ ਕਰ ਛਡਣ ਤਾਂ ਸ਼ਸਤ੍ਰਾਂ ਦਾ ਤਿਆਗ ਕਰ ਦੇਣ। ਤਦ ਇਸ ਦਾ ਫਲ ਇਹ ਹੋਵੇ ਕਿ ਧਰਮ ਸੰਸਾਰ ਉਪਰੋਂ ਲੋਪ ਹੋ ਜਾਏ,ਚੋਰ ਉਚੱਕੇ ਗੁੰਡੇ ਪ੍ਰਵਿਰਤ ਹੋ ਕੇ ਅਧਰਮ ਅਤੇ ਬੇਅਮਨੀ ਕਰ ਦੇਣ ਅਤੇ ਹੋਰਨਾਂ ਜਿਨਾਂ ਕੌਮਾਂ ਦੇ ਮਨ ਕਠੋਰ ਹਨ ਤੇ ਉਹ ਸ਼ਸਤ੍ਰਧਾਰੀ ਹਨ, ਉਹ ਜ਼ੋਰ ਪਾ ਕੇ ਦਬਾ ਲੈਣ। ਅਸਲ ਵਿਚ ਧਰਮ ਨਾਮ ਹੈ ਤ੍ਰੀਕੇ ਦਾ। ਸੋ ਚਾਰ ਵਰਣ ਅਤੇ ਚਾਰ ਆਸ਼ਰਮ ਦਾ ਧਰਮ ਇਕ ਸਮਾਨ ਨਹੀਂ। ਬਹੁਤੀਆਂ ਗੱਲਾਂ ਵਿਚ ਇਕ ਦੂਜੇ ਦੀ ਅਪੇਖਿਆ ਵਿਰੋਧੀ ਹੁੰਦਾ ਹੈ। ਸੋ ਜੋ ਕੋਈ ਬ੍ਰਹਮ ਰਿਖੀਆਂ ਤਿਆਗੀਆਂ ਅਰਥਾਤ ਸੰਨਿਆਸੀਆਂ ਨੂੰ ਇਹ ਉਪਦੇਸ਼ ਕਰੇ ਕਿ

ਤੁਸੀਂ ਮਾਸ ਖਾਓ। ਸ਼ਸਤ੍ਰ ਧਾਰਨ ਕਰੋ ਤਾਂ ਉਹ ਉਪਦੇਸ਼ ਕਰਨ ਵਾਲਾ ਪਾਪੀ ਹੈ, ਜੋ ਉਨ੍ਹਾਂ ਨੂੰ ਉਨ੍ਹਾਂ ਦੇ ਧਰਮ ਤੋਂ ਪਤਤ ਕਰਦਾ ਹੈ। ਅਤੇ ਜੇਕਰ ਉਸ ਦੇ ਵਿਰੁਧ ਛੱਤ੍ਰੀ ਬ੍ਰਿਤੀ ਵਾਲੇ ਸੂਰਬੀਰਾਂ ਨੂੰ ਕੋਈ ਇਹ ਉਪਦੇਸ਼ ਕਰੇ ਕਿ ਤੁਸੀਂ ਮਾਸ ਨਾ ਖਾਓ, ਸ਼ਸਤ੍ਰਾਂ ਦਾ ਤਿਆਗ ਕਰੋ, ਤਾਂ ਉਹ ਭੀ ਪਾਪੀ ਹੈ, ਜੋ ਉਨ੍ਹਾਂ ਨੂੰ ਉਨ੍ਹਾਂ ਦੇ ਧਰਮ ਤੋਂ ਪਤਿਤ ਕਰਦਾ ਹੈ। ਸੋ ਜੋ ਆਪਣੇ ਧਰਮ ਤੋਂ ਪਤਿਤ ਹੋ ਜਾਂਦਾ ਹੈ ਉਹ ਮਹਾ ਪਾਪੀ ਹੈ। ਸਿਧਾਂਤ ਇਹ ਕਿ ਇਕ ਤਾਂ ਖ਼ਾਲਸਾ ਪੰਥ ਗ੍ਰਹਿਸਥੀ ਹੈ। ਸੋ ਗ੍ਰਹਿਸਥ ਵਿਚ ਜਿਸਤਰ੍ਹਾਂ ਇਸਤ੍ਰੀ ਪੁਤਰ ਮਾਯਾ ਬਿਵਹਾਰ ਸਭ ਪਵਿਤਰ ਹਨ ਇਸ ਤਰ੍ਹਾਂ ਹੀ ਮਾਸ ਭੀ ਪਵਿਤਰ ਹੈ। ਦੂਜੇ ਇਹ ਰਾਜ ਰਿਖੀਆਂ ਦਾ ਪੰਥ ਹੈ, ਸੂਰਬੀਰ ਸ਼ਸਤ੍ਰਧਾਰੀ ਹੋਣ ਕਰ ਕੇ ਇਸ ਦਾ ਅਸੂਲ ਅਹਿੰਸਾ ਪ੍ਰਮੋ ਧਰਮਾ ਨਹੀਂ। ਵਿਰੁਧ ਇਸ ਦੇ ਹਿੰਸਾ ਪ੍ਰਮੋ ਧਰਮਾ ਮੰਨੀਏ ਤਾਂ ਠੀਕ ਹੈ। ਸੰਸਾਰ ਉਤੇ ਉਨ੍ਹਾਂ ਕੌਮਾਂ ਦਾ ਤੇਜ ਪ੍ਰਤਾਪ ਹੈ ਜੋ ਸ਼ਸਤ੍ਰਧਾਰੀ ਹੋ ਹਿੰਸਾ ਧਰਮ ਨੂੰ ਗ੍ਰਹਿਣ ਕਰਦੀਆਂ ਹਨ ਅਤੇ ਸਭਨਾਂ ਧਰਮਾਂ ਦੀ ਰਾਖੀ ਇਨ੍ਹਾਂ ਦੇ ਹਥ ਇਸ ਕਰ ਕੇ ਸ਼ਿਕਾਰ ਖੇਡਣੇ, ਮਾਸ ਛਕਣੇ ਪ੍ਰਮਾਣ ਹਨ। ਹਾਂ ਇਤਨਾ ਭੇਦ ਹੈ ਕਿ ਖ਼ਾਲਸਾ ਪੰਥ ਵਿਚ ਪੂਰਬ ਮ੍ਰਿਆਦਾ ਅਨੁਸਾਰ ਝਟਕਾ ਖਾਣਾ ਪ੍ਰਮਾਣ ਹੈ, ਅਤੇ ਕੁੱਠਾ ਖਾਣਾ ਬੰਦ ਹੈ। ਮਤਲਬ ਇਹ ਹੈ ਕਿ ਇਸ ਪ੍ਰਕਾਰ ਦੇ ਇਤਰਾਜ਼ ਜੋ ਲੋਕ ਕਰਦੇ ਹਨ, ਇਹ ਉਨ੍ਹਾਂ ਦੀ ਮੂਰਖ਼ਤਾ ਦਾ ਕਾਰਣ ਹੈ। ਜੋ ਉਨ੍ਹਾਂ ਦੀਆਂ ਤਰਕਾਂ ਹਨ ਸੋ ਵਿਅਰਥ ਹਨ। ਦਸ ਪਾਤਸ਼ਾਹੀ ਗੁਰੂ ਜੀ ਵੇਲੇ ਭੀ ਤੇ ਹੁਣ ਵੀ ਅਤੇ ਅੱਗੇ ਨੂੰ ਭੀ ਇਹ ਗਲ ਹੈ ਕਿ ਗੁਰੂ ਦੀ ਗੁਰਤਾ ਦੀ ਸਾਰ (ਕਦਰ) ਉਹੀ ਜਾਣਦਾ ਹੈ ਜਿਸ ਦੀ ਨਜ਼ਰ ਇਸ ਗੱਲ ਦੇ ਪਰਖਣ ਦੀ ਹੋਵੇ।

ਜਿਸ ਤਰ੍ਹਾਂ ਭਾਈ ਗੁਰਦਾਸ ਜੀ ਦਾ ਬਚਨ :

"ਰਤਨਾ ਦੇਖੈ ਸਭ ਕੋ ਰਤਨ ਪਾਰਖੂ ਵਿਰਲਾ ਕੋਈ ॥
ਰਾਗ ਨਾਦ ਸਭ ਕੋ ਸੁਣੈ ਸਬਦ ਸੁਰਤਿ ਸਮਝੈ ਵਿਰਲੋਈ"।

ਭਾਵ ਇਹ ਕਿ ਜਿਸ ਤਰ੍ਹਾਂ ਰਤਨਾਂ ਨੂੰ ਹਰ ਕੋਈ ਦੇਖਦਾ ਹੈ ਤੇ ਰਾਗ ਨਾਦ ਹਰ ਕੋਈ ਸੁਣਦਾ ਹੈ, ਪਰ ਪਰਖ ਕਿਸੇ ਪਰਖੀਏ ਨੂੰ ਹੀ ਹੁੰਦੀ ਹੈ। ਇਸੇ ਤਰ੍ਹਾਂ ਸਤਿਗੁਰੂ ਨੂੰ ਹਰ ਕੋਈ ਦੇਖਦਾ ਹੈ ਪਰ ਪਰਖ ਕਿਸੇ ਭਾਗਾਂ ਵਾਲੇ ਨੂੰ ਹੀ ਹੁੰਦੀ ਹੈ। ਅਸਲ ਵਿਚ ਇਤਰਾਜ਼ ਕਰਨ ਵਾਲੇ ਨਿੰਦਕ ਲੋਕ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਤੋਂ ਹੀ ਨਾਲੋ ਨਾਲ ਚਲੇ ਆਉਂਦੇ ਹਨ। ਇਹੋ ਇਤਰਾਜ਼ ਲੋਕਾਂ ਦੇ ਜੋ ਤੁਸੀਂ ਬਾਬਾ ਸਾਹਿਬ ਜੀ ਤੇ ਕਰਨੇ ਸੁਣਾਏ ਹਨ,ਦਸ ਪਾਤਸ਼ਾਹੀ ਗੁਰੂ ਸਾਹਿਬ ਅਤੇ ਖ਼ਾਸ ਕਰਕੇ ਛੇਵੀਂ ਸਤਵੀਂ ਦਸਵੀਂ ਪਾਤਸ਼ਾਹੀ ਤੇ ਕਈ ਲੋਕ ਕਰ ਕਰ ਕੇ ਨਿੰਦਾ ਦੇ ਫਲ ਨੂੰ ਪ੍ਰਾਪਤ ਹੁੰਦੇ ਰਹੇ। ਗੁਣਾਂ ਨੂੰ ਅਵਗੁਣ ਸਮਝ ਕੇ ਅਭਾਗੀ ਲੋਕ ਪਰੇ ਪਰੇਰੇ ਰਹੇ, ਸ਼ਰਨੀ ਨਾ ਆਏ।

ਸੂਹੀ ਮਹਲਾ ੪

ਹਰਿ ਹਰਿ ਕਰਹਿ ਨਿਤ ਕਪਟ ਕਮਾਵਹਿ ਹਿਰਦਾ ਸੁਧ ਨਾ ਹੋਈ।
ਅਨ ਦਿਨ ਕਰਮ ਕਰਹਿ ਬਹੁਤੇਰੇ ਸੁਪਨੈ ਸੁਖਨ ਹੋਈ ॥੧॥
ਗਿਆਨੀ ਗੁਰ ਬਿਨ ਗਿਆਨ ਨ ਹੋਈ।
ਕੋਰੈ ਰੰਗ ਕਦੇ ਨ ਚੜ੍ਹੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪ ਤਪ ਸੰਜਮ ਵਰਤ ਕਰੇ ਮਨ ਮੁਖ ਰੋਗ ਨ ਜਾਈ।
ਅੰਤਰ ਰੋਗ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖੁ ਬਹੁਤ ਚਤਰਾਈ ਮਨੂਆ ਦਹਿ ਦਿਸ ਧਾਵੈ।
ਹਉ ਮੈ ਬਿਆਪਿਆ ਸਬਦ ਨ ਚੀਨੈ ਫਿਰਿ ਫਿਰਿ ਜੂਨੀ ਆਵੈ।
ਨਾਨਕ ਨਦਰ ਕਰੇ ਸੋ ਬੂਝੈ ਸੋ ਜਨ ਨਾਮ ਧਿਆਏ।
ਗੁਰ ਪ੍ਰਸਾਦੀ ਏਕੋ ਬੂਝੈ ਏਕਸ ਮਾਹਿ ਸਮਇ ॥੪॥੪॥

# ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤੁ !!

[ ਸ: ਰਣਜੀਤ ਸਿੰਘ ਮਾਜਰੀ, ਜ਼ਿਲਾ ਲੁਧਿਆਣਾ]

ਸਿੰਮਲੁ ਰੁਖੁ ਸਰਾਇਰਾ ਅਤਿ ਦੀਰਘੁ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ ਕੰਮਿ ਨਾ ਆਵਹਿ ਪਤੁ ॥
ਮਿਠਤਿ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ ॥

ਸ੍ਰੀ ਗੁਰੂ ਨਾਨਕ ਦੇਵ ਜੀ 'ਆਸਾ ਜੀ ਦੀ ਵਾਰ' ਵਿੱਚ ਫਰਮਾਂਦੇ ਹਨ ਕਿ ਮਿੱਠਾ ਬੋਲਣਾ ਤੇ ਨੀਵਾਂ ਹੋ ਕੇ ਚਲਣਾ ਸਾਰਿਆਂ ਗੁਣਾਂ ਦਾ ਤੱਤ ਹੈ। ਇਸ ਸ਼ਬਦ ਰਾਹੀਂ ਗੁਰੂ ਬਾਬਾ ਇਹ ਦਸਦੇ ਹੋਏ–ਸਿੰਮਲੁ ਦੇ ਬ੍ਰਿਛ ਦੀ ਉਦਾਹਰਣ ਦਿੰਦੇ ਹਨ ਕਿ ਸਿੰਮਲੁ ਦਾ ਬ੍ਰਿਛ ਕਾਫ਼ੀ ਉੱਚਾ ਹੁੰਦਾ ਹੈ ਤੇ ਉਸ ਨੂੰ ਬਹੁਤ ਸੁੰਦਰ ਫੁੱਲ ਤੇ ਫਲ ਲਗਦੇ ਹਨ–ਪੰਛੀ ਇਸ ਬ੍ਰਿਛ ਉਤੇ ਆਪਣੇ ਬਿਸਰਾਮ ਤੇ ਖਾਣ ਪੀਣ ਦੀ ਆਸ ਰੱਖ ਕੇ ਆਉਂਦੇ ਹਨ ਕਿ ਇਥੇ ਆਪਣਾ ਸਮਾਂ ਚੰਗੀ ਤਰ੍ਹਾਂ ਗੁਜ਼ਾਰ ਲਵਾਂਗੇ, ਪਰ ਜਦ ਫੁੱਲ ਤੇ ਫਲਾਂ ਨੂੰ ਦੇਖਦੇ ਸਨ, ਪਤਾ ਲਖਦਾ ਹੈ ਕਿ ਫੁੱਲ ਫਿੱਕੇ ਤੇ ਫਲ ਬਕਬਕੇ ਹਨ ਤੇ ਜਿਸ ਦੇ ਪੱਤੇ ਵੀ ਕਿਸੇ ਕੰਮ ਨਹੀਂ।

ਸੋ ਆਉ, ਗੁਰੂ ਬਾਬੇ ਨਾਨਕ ਦੀ ਇਸ 'ਉਦਾਹਰਣ' ਨੂੰ ਹੋਰ ਵਰਣਨ ਵਿੱਚ ਵੇਖੀਏ ਕਿ 'ਮਿੱਠਾ ਬੋਲਣ' ਤੇ 'ਨੀਵਾਂ ਹੋ ਕੇ ਚਲਣ' ਦੇ ਕੀ ਕੀ ਗੁਣ ਹਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਅਪਨਾਉਣ ਦਾ ਉਪਦੇਸ਼ ਦਿਤਾ।

ਬਾਬਾ ਫਰੀਦ ਜੀ ਫਰਮਾਂਦੇ ਹਨ :–

ਕਵਣੁ ਸੁ ਅਖਰੁ ਕਵਣੁ ਗੁਣੁ, ਕਵਣੁ ਸੁ ਮਣੀਆਂ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ, ਜਿਤੁ ਵਸਿ ਆਵੀ ਕੰਤ ॥

–ਕਿ ਮੈਂ ਕਿਹੜਾ ਅਖਰ, ਕਿਹੜਾ ਗੁਣ, ਕਿਹੜਾ ਕੀਮਤੀ ਮੰਤਰ ਤੇ ਕਿਹੜਾ ਵੇਸ ਧਾਰਨ ਕਰਾਂ :– ਜਿਸ ਨਾਲ ਮੇਰਾ ਕੰਤ (ਪ੍ਰਮੇਸ਼ਵਰ) ਮੇਰੇ ਵੱਸ ਹੋ ਜਾਵੇ।

ਉੱਤਰ ਵਿਚ ਬਾਬਾ ਫ਼ਰੀਦ ਜੀ ਆਪ ਹੀ ਫਰਮਾਂਦੇ ਹਨ :

ਨਿਵਣ ਸੁ ਅਖਰ, ਖਵਣ ਗੁਣ ਜਿਹਬਾ ਮਣੀਆਂ ਮੰਤੁ।
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥

–ਕਿ ਹੇ ਮੇਰੀਏ ਭੈਣੇ, ਤੂੰ ਨੀਵਾਂ ਹੋ ਕੇ ਰਹਿਣ, ਆਜਿਜ਼ ਤੇ ਜ਼ਬਾਨ ਤੋਂ ਮਿੱਠਾ ਬੋਲਣ ਦਾ ਵੇਸ ਕਰ– ਜਿਸ ਨਾਲ ਤੇਰਾ ਮਾਲਕ ਤੇਰੇ ਵਸ ਹੋ ਜਾਵੇਗਾ।

ਅੱਗੇ ਬਾਬਾ ਫ਼ਰੀਦ ਜੀ ਹੋਰ ਫਰਮਾਂਦੇ ਹਨ :<br>
ਫ਼ਰੀਦਾ ਥੀਉ ਪਵਾਹੀ ਦਭੁ, ਜੇ ਸਾਂਈ ਲੋੜਹਿ ਸਭੁ ।<br>
ਇਕ ਛਿਜਹਿ ਬਿਆ ਲਤਾੜੀਅਹਿ, ਤਾਂ ਸਾਂਈ ਦੇ ਦਰਿ ਵਾੜੀਅਹਿ ॥

ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਜੇ ਤੂੰ ਹਰ ਥਾਂ ਰੱਬ ਵੇਖਣਾ ਚਾਹੁੰਦਾ ਹੈਂ ਤਾਂ ਦੱਭ ਵਾਂਗ ਏਨਾ ਨੀਵਾਂ ਹੋ ਜਾ–ਜਿਹੜੀ ਕਿ ਪੈਰਾਂ ਹੇਠ ਲਿਤੜਦੀ ਹੈ–ਤੇ ਸਾਈਂ ਦੇ ਘਰ ਪੁੱਜਦੀ ਹੈ।

ਹੋਰ ਵੇਖੋ :–

ਮਤਿ ਹੋਦੀ ਹੋਇ ਇਆਣਾ, ਤਾਣ ਹੋਂਦੇ ਹੋਏ ਨਿਤਾਣਾ ॥<br>
ਅਣਹੋਂਦਾ ਆਪ ਵੰਡਾਏ, ਕੋ ਐਸਾ ਭਗਤ ਸਦਾਏ ॥<br>
ਫ਼ਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾਂ ਨਾ ਮਾਰੇ ਘੁੰਮਿ ॥<br>
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥<br>
ਇਕ ਫਿਕਾ ਨ ਗਾਲਾਇ ਸਭਨਾ ਮਹਿ ਸਚਾ ਧਣੀ ॥<br>
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ।

ਇਕ ਵਾਰ ਸ੍ਰੀ ਗੁਰੂ ਅਮਰਦਾਸ ਜੀ ਨੂੰ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਦਾਤੂ ਜੀ ਨੇ ਸਜੇ ਦਰਬਾਰ ਵਿਚ ਲੱਤ ਮਾਰੀ–ਪਰ ਨਿਮਰਤਾ ਵੇਖੋ, ਗੁਰੂ ਅਮਰਦਾਸ ਜੀ ਦੀ, ਜਿਨ੍ਹਾਂ ਨੇ ਮੂੰਹੋਂ ਕੋਈ ਕੌੜਾ ਬਚਨ ਨਹੀਂ ਬੋਲਿਆ, ਸਗੋਂ ਨੀਵੇਂ ਹੋ ਕੇ ਦਾਤੂ ਜੀ ਦਾ ਪੈਰ ਫੜ ਲਿਆ ਕਿ ਮੇਰਾ ਸਰੀਰ ਬਿਰਧ ਤੇ ਸਖਤ ਹੈ, ਮਤਾਂ ਕਿਤੇ ਮੇਰੇ ਹੱਡਾਂ ਨਾਲ ਗੁਰੂ ਸਾਹਿਬ ਦੇ ਸਪੁੱਤਰ ਨੂੰ ਚੋਟ ਆ ਗਈ ਹੋਵੇ।

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ, ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਗਏ ਤਾਂ ਗੁਰੂ ਰਾਮਦਾਸ ਜੀ ਨੇ ਬੜੀ ਨਿਮਰਤਾ ਨਾਲ ਗੱਦੀਓਂ ਉੱਠ ਕੇ ਉਨ੍ਹਾਂ ਦਾ ਸਤਿਕਾਰ ਕੀਤਾ। ਹੋਰ ਵੇਖੋ, ਬਾਬਾ ਸ੍ਰੀ ਚੰਦ ਜੀ ਨੇ ਪੁਛਿਆ, ਕਿ ਆਪ ਨੇ ਦਾੜ੍ਹੀ ਏਨੀ ਵਧਾਈ ਹੈ ? ਤਦ ਗੁਰੂ ਸਾਹਿਬ ਨੇ ਉੱਤਰ ਦਿਤਾ, 'ਤੁਹਾਡੇ ਜਹੇ ਮਹਾਂਪੁਰਸ਼ਾਂ ਦੇ ਚਰਨ ਝਾੜਨ ਲਈ'–ਇਹ ਹੈ ਨਿਮਰਤਾ ਦਾ ਨਮੂਨਾ।

ਆਉ, ਅੱਗੇ ਨਿਮਰਤਾ ਦੇ ਹੋਰ ਗੁਣ ਵੇਖੀਏ :

ਸਭ ਦੂੰ ਨੀਵੀਂ ਧਰਤਿ ਹੈ ਆਪ ਗਵਾਇ ਹੋਇ ਉਡੀਣੀ।<br>
ਧੀਰਜ ਧਰਮ ਸੰਤੋਖ ਦ੍ਰਿੜ ਪੈਰਾਂ ਹੇਠ ਰਹੈ ਲਿਵ ਲੀਣੀ।<br>
ਸਾਧ ਜਨਾ ਦੇ ਚਰਨ ਛੁਹਿ ਆਡੀਣੀ ਹੋਇ ਲਾਖੀਣੀ।<br>
ਅੰਮ੍ਰਿਤ ਬੂੰਦ ਸੁਹਾਵਣੀ ਛਹਬਰ ਛਲਕ ਰੇਣੁ ਹੋਇ ਰੀਣੀ।<br>
ਮਿਲਿਆ ਮਾਣ ਨਿਮਾਣੀਐ ਪਿਰਮ ਪਿਆਲਾ ਪੀ ਪਤੀਣੀ।<br>
ਜੋ ਬੀਜੈ ਸੋਈ ਲੁਣੈ ਸਭ ਰਸ ਕਸ ਬਹੁ ਰੰਗ ਰੰਗੀਣੀ।<br>
ਗੁਰਮੁਖ ਸੁਖਫਲ ਹੈ ਮਸਕੀਣੀ। ਭਾਈ ਗੁਰਦਾਸ ਜੀ)

ਜਿਸ ਤਰ੍ਹਾਂ ਧਰਤੀ ਨੀਵੀਂ ਹੈ–ਸਾਰਿਆਂ ਦੇ ਪੈਰ ਥਲੇ ਲਿਤੜਦੀ ਹੈ ਤੇ ਸੰਤਜਨਾਂ ਦੇ ਚਰਨਾਂ ਕਮਲਾਂ ਦੀ ਛੋਹ ਨਾਲ ਪਵਿਤਰ ਹੋ ਜਾਂਦੀ ਹੈ, ਜਿਸ ਕਰ ਕੇ ਪ੍ਰਮਾਤਮਾ ਵਲੋਂ ਉਸ ਨੂੰ ਅਜਿਹਾ ਪ੍ਰੇਮ ਪਿਆਲਾ ਮਿਲਿਆ ਹੈ, ਜਿਸ ਨਾਲ ਧਰਤੀ ਕੋਲ ਸਾਰੀਆਂ ਵਸਤੂਆਂ ਪੈਦਾ ਕਰਨ ਦੀ ਸਮਰਥਾ ਹੋ ਗਈ–ਇਹ ਹੈ ਨਿਮਰਤਾ ਜਾਂ ਨੀਵੇਂ ਹੋ ਕੇ ਰਹਿਣ ਦਾ ਗੁਣ।

ਗੁਰਮੁਖ ਮਿੱਠਾ ਬੋਲਣਾ ਜੋ ਬੋਲੈ ਸੋਈ ਜਪ ਜਾਪੈ।
ਗੁਰਮੁਖ ਅਖੀਂ ਦੇਖਣਾ ਬ੍ਰਹਮ ਧਿਆਨ ਧਰਿ ਆਪ ਸੁ ਆਪੈ।

–(ਵਾਰ, ਭਾਈ ਗੁਰਦਾਸ ਜੀ)

ਹੋਰ ਵੇਖੋ :

ਸਿਰ ਉੱਚਾ ਨੀਵੇਂ ਚਰਣ ਸਿਰ ਪੈਰੀਂ ਪਾਂਦੇ।
ਮੂੰਹ ਅਖੀਂ ਨੱਕ ਕੰਨ ਹੱਥ ਦੇ ਭਾਰ ਉਚਾਂਦੇ।
ਸਭੇ ਚਿਹਨ ਛਡ ਪੂਜੀਅਨ ਕਉਣ ਕਰਮ ਕਮਾਂਦੇ।
ਗੁਰਸਰਣੀ ਸਾਧ ਸੰਗਤੀ ਨਿਤ ਚਲ ਚਲ ਜਾਂਦੇ॥

–(ਵਾਰ, ਭਾਈ ਗੁਰਦਾਸ ਜੀ)

ਜਿਵੇਂ ਸਿਰ ਉੱਚਾ ਹੈ ਪਰ ਪੈਰ ਨੀਵੇਂ ਹਨ ਤੇ ਮੂੰਹ, ਨੱਕ, ਹੱਥ ਤੇ ਸਰੀਰ ਦਾ ਭਾਰ ਚੁੱਕਦੇ ਹਨ। ਪਰ ਬਾਕੀ ਅੰਗਾਂ ਨੂੰ ਛਡ ਕੇ ਪੈਰਾਂ ਦੀ ਪੂਜਾ ਹੁੰਦੀ ਹੈ–ਇਨ੍ਹਾਂ ਨੇ ਕੀ ਕਰਮ ਕਮਾਇਆ ਹੈ ? ਕਿਉਂਕਿ ਇਹ ਸਾਧ ਸੰਗਤ ਵਿਚ ਤੁਰ ਤੁਰ ਜਾਂਦੇ ਹਨ, ਜਿਸ ਕਰਕੇ ਇਨ੍ਹਾਂ ਨੂੰ ਇਹ ਵਡਿਆਈ ਮਿਲੀ ਹੈ।

ਹਾਂ ! ਪੈਰ ਉਹੀ ਪਵਿਤਰ ਹਨ ਜਿਹੜੇ ਸਾਧ ਸੰਗਤ ਵਲ ਤੁਰ ੨ ਜਾਂਦੇ ਹਨ। ਇਹ ਗੁਣ ਕੇਵਲ ਗੁਰਮੁਖਾਂ ਵਿਚ ਹੀ ਹਨ। ਜਿਨ੍ਹਾਂ ਨੂੰ ਕਿਸੇ ਕਿਸਮ ਦੀ ਤਕਲੀਫ ਨਹੀਂ, ਦੁਨਿਆਵੀ ਤੌਰ ਤੇ ਵੀ ਉੱਚੇ ਹਨ ਪਰ ਫਿਰ ਵੀ ਨੀਵੇਂ ਰਹਿੰਦੇ ਹਨ।

ਜਿਸਤਰ੍ਹਾਂ–(੧)'ਜੀਭ ਰਸੀਲੀ ਆਪਣੀ, ਵੈਰੀ ਮਿਤ ਕਰ ਲੇਇ'
(੨) ਜਿਸ ਅੰਦਰੁ ਤਾਤ ਪਰਾਈ ਹੋਵੈ, ਤਿਸ ਦਾ ਕਦੇ ਨਾ ਹੋਵੀ ਭਲਾ॥
(੩) ਨਿੰਦਾ ਭਲੀ ਕਿਸੇ ਕੀ ਨਾਹੀ, ਮਨਮੁਖ ਮੁਗਧ ਕਰੰਨਿ।
ਮੂਹ ਕਾਲੇ ਤਿਨ ਨਿੰਦਕਾ ਨਰਕੇ ਘੋਰ ਪਵੰਨਿ॥

ਰਸਨਾ ਦੀ ਮਿਠਾਸ ਵੈਰੀਆਂ ਨੂੰ ਵੀ ਮਿਤਰ ਬਣਾ ਲੈਂਦੀ ਹੈ–ਨਿੰਦਾ ਤਾਂ ਕਿਸੇ ਦੀ ਕਰਨੀ ਚੰਗੀ ਨਹੀਂ, ਜੋ ਕਰਦੇ ਹਨ ਉਹ ਮਨਮੁਖ ਹਨ ਤੇ ਉਨ੍ਹਾਂ ਨੂੰ ਬਦਨਾਮੀ ਮਿਲਦੀ ਹੈ ਤੇ ਨਰਕ ਦਾ ਵਾਸਾ ਮਿਲਦਾ ਹੈ।

ਹੁਣ, ਇਹ ਗੱਲਾਂ ਕਿਵੇਂ ਦੂਰ ਹੋਣਗੀਆਂ ?

ਬਿਸਰ ਗਈ ਸਭ ਤਾਤ ਪਰਾਈ, ਜਬ ਤੇ ਸਾਧ ਸੰਗਤ ਮੋਹਿ ਪਾਈ।

ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਦਰਬਾਰ ਦੀ ਸੰਗਤ ਕਰੋਗੇ, ਉਸ ਵੇਲੇ ਇਹ ਕਪਟ, ਨਿੰਦਾ ਤੇ ਬੁਰੇ ਅਚਾਰ ਦੂਰ ਹੋਣਗੇ। ਜਦੋਂ ਅਸੀਂ ਸ਼ਬਦ ਸੁਰਤ ਵਿਚ ਇਹ ਗਾਵਾਂਗੇ–

# ਬਾਬਾ ਸਾਹਿਬ ਸਿੰਘ ਜੀ 'ਬੇਦੀ'
# ਦੀ
# ਪ੍ਰਭਾਵਸ਼ਾਲੀ ਅਤੇ ਕਰਾਮਾਤੀ ਸ਼ਖਸੀਅਤ

(ਸ: ਬਲਵੰਤ ਸਿੰਘ ਜੀ ਸਿਮਕ, ਐਮ.ਏ.)

ਬਾਬਾ ਸਾਹਿਬ ਸਿੰਘ ਜੀ 'ਬੇਦੀ' ਦੀ ਪ੍ਰਭਾਵਸ਼ਾਲੀ ਅਤੇ ਕਰਾਮਾਤੀ ਸ਼ਖਸੀਅਤ ਨੂੰ ਦ੍ਰਿਸ਼ਟੀਗੋਚਰ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਸ਼ੁਭ ਆਗਮਨ ਅਤੇ ਆਰੰਭਕ ਜੀਵਨ ਬਾਰੇ ਸੰਖੇਪ ਜਿਹੀ ਜਾਣਕਾਰੀ ਕਰਾਉਣੀ ਯੋਗ ਹੋਵੇਗੀ। ਬਾਬਾ ਸਾਹਿਬ ਸਿੰਘ ਜੀ 'ਬੇਦੀ' ਸ੍ਰੀ ਗੁਰੂ ਨਾਨਕ ਦੇਵ ਜੀ ਦੀ 11ਵੀਂ ਪੁਸ਼ਤ ਬਾਬਾ ਅਜੀਤ ਸਿੰਘ ਜੀ ਦੇ ਸਪੁੱਤਰ ਅਤੇ ਬਾਬਾ ਕਲਾਧਾਰੀ ਜੀ ਦੇ ਪੋਤਰੇ ਸਨ। ਆਪ ਜੀ ਦਾ ਸ਼ੁਭ ਆਗਮਨ (ਜਨਮ) ਸੰਮਤ 1813, ਚੇਤ ਸੁਦੀ ਪੰਚਮੀ ਨੂੰ, ਡੇਰਾ ਬਾਬਾ ਨਾਨਕ, ਜ਼ਿਲਾ ਗੁਰਦਾਸਪੁਰ ਵਿਚ ਹੋਇਆ ਸੀ, ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਜੋਤੀ ਜੋਤਿ ਸਮਾਏ 18 ਸਾਲ ਤੇ ਕੁਝ ਮਹੀਨੇ ਬੀਤ ਚੁਕੇ ਸਨ। ਆਪ ਜੀ ਦੀ ਮਾਤਾ ਜੀ ਦਾ ਨਾਮ ਸਰੂਪਾਂ ਦੇਵੀ ਸੀ ਜੋ ਕਿ ਬਹੁਤ ਧਾਰਮਿਕ ਵਿਚਾਰਾਂ ਦੀ ਧਾਰਨੀ ਸੀ। ਇਹ ਖਿਆਲ ਕੀਤਾ ਜਾਂਦਾ ਹੈ ਕਿ ਬਾਬਾ ਜੀ ਦਾ ਸ਼ੁਭ ਆਗਮਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਰਦਾਨ ਦੇ ਫਲਸਰੂਪ ਹੋਇਆ।

ਜਦੋਂ ਬਾਬਾ ਜੀ 12 ਦਿਨਾਂ ਦੇ ਹੋ ਗਏ ਤਾਂ ਸਿਖ ਮਰਯਾਦਾ ਅਨੁਸਾਰ 13ਵੇਂ ਦਿਨ ਆਪ ਜੀ ਦੇ ਪਿਤਾ ਬਾਬਾ ਅਜੀਤ ਸਿੰਘ ਜੀ ਨੇ ਆਪਣੇ ਨਿੱਤ ਦੇ ਕਾਰਜ-ਕ੍ਰਮ ਅਨੁਸਾਰ ਇਸ਼ਨਾਨ ਕਰ ਕੇ, ਜਪੁਜੀ ਸਾਹਿਬ ਦਾ ਪਾਠ ਕਰ ਕੇ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕੀਤੀ ਅਤੇ ਬੱਚੇ (ਬਾਬੇ) ਦਾ ਨਾਮ ਰੱਖਣ ਲਈ ਅਰਦਾਸ ਕੀਤੀ। ਇਸ ਤਰ੍ਹਾਂ ਗੁਰੂ ਗਰੰਥ ਸਾਹਿਬ ਅਗੇ ਯਾਚਨਾ ਕਰਨ ਅਤੇ ਨਵ-ਜੰਮੇ ਬੱਚੇ ਦਾ ਨਾਮ ਰੱਖਣ ਲਈ 'ਸਾਹਿਬ ਹੋਇ ਦਇਆਲ' ਦਾ ਗੁਰਵਾਕ ਆਇਆ। ਉਸ ਹੁਕਮ ਅਨੁਸਾਰ ਹੀ ਬਾਲਕ (ਬਾਬਾ ਜੀ) ਦਾ ਨਾਮ 'ਸਾਹਿਬ ਸਿੰਘ' ਰਖਿਆ ਗਿਆ।

---

'ਸਭ ਮਹਿ ਰਵਿ ਰਹਿਆ ਪ੍ਰਭ ਏਕੋ, ਪੇਖਿ ਪੇਖਿ ਨਾਨਕ ਬਿਗਸਾਈ ॥'

ਇਹ ਹਨ, ਮਹਾਂਪੁਰਸ਼ਾਂ, ਸੰਤਾਂ ਤੇ ਭਗਤਾਂ ਦੇ ਬਚਨ–ਜਿਹੜੇ ਉਨ੍ਹਾਂ ਨੇ ਮਿੱਠਾ ਬੋਲਣ ਤੇ ਨੀਵਾਂ ਰਹਿਣ ਲਈ ਦਸੇ; ਜਿਨ੍ਹਾਂ ਨੂੰ ਦਾਸ ਨੇ ਆਪਣੇ ਵਾਸਤੇ ਤੇ ਨਾਲ ਹੋਰਨਾਂ ਦੇ ਭਲੇ ਲਈ ਤਾਜ਼ਾ ਕੀਤਾ, ਜੋ ਕਿ ਉਨ੍ਹਾਂ ਮਹਾਂਪੁਰਸ਼ਾਂ ਨੇ ਸਾਨੂੰ ਦਸੇ ਹੀ ਨਹੀਂ, ਸਗੋਂ ਆਪ ਉਨ੍ਹਾਂ ਬਚਨਾਂ ਨੂੰ ਅਮਲ ਵਿਚ ਲਿਆਂਦਾ ਤੇ ਸਾਨੂੰ ਰਾਹੇ ਪਾਇਆ। ਜੇ ਅਸੀਂ ਗੁਰੂ ਬਾਬੇ ਨਾਨਕ ਤੇ ਮਹਾਂਪੁਰਸ਼ਾਂ ਦੇ ਇਨ੍ਹਾਂ ਅਨਮੁੱਲੇ ਤੇ ਵਡਮੁੱਲੇ ਬਚਨਾਂ ਨੂੰ ਯਾਦ ਰਖਾਂਗੇ, ਅਮਲ ਵਿਚ ਲਿਆਵਾਂਗੇ, ਤਦ ਹੀ ਅਸੀਂ ਸੱਚੇ ਗੁਰਸਿੱਖ ਹਾਂ।

ਫੇਰ ਕੀ ਹੋਵੇਗਾ !

ਕਬੀਰ ਮਨ ਨਿਰਮਲ ਭਇਆ ਜੈਸਾ ਗੰਗਾ ਨੀਰ ।
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥

ਛੋਟੇ ਬੱਚਿਆਂ ਦੀ ਆਮ ਰੁਚੀ ਇਹ ਹੁੰਦੀ ਹੈ ਕਿ ਉਨ੍ਹਾਂ ਨੂੰ ਰਾਤ ਨੂੰ ਸੌਣ ਤੋਂ ਪਹਿਲਾਂ ਕਹਾਣੀਆਂ ਸੁਣਾਈਆਂ ਜਾਣ। ਬਾਬਾ ਜੀ ਵੀ ਇਸ ਰੁਚੀ ਦੇ ਧਾਰਨੀ ਹੋਣ ਕਾਰਨ ਅਤੇ ਪਿਤਾ ਅਜੀਤ ਸਿੰਘ ਜੀ ਪਾਸੋਂ ਕਹਾਣੀਆਂ ਸੁਣਿਆ ਕਰਦੇ ਸਨ। ਬਾਬਾ ਅਜੀਤ ਸਿੰਘ ਜੀ ਬਹੁਤ ਸਿਆਣੇ, ਸਮਝਦਾਰ ਅਤੇ ਸੂਝਵਾਨ ਪੁਰਸ਼ ਸਨ। ਉਹ ਬਾਲ ਨੂੰ ਇਧਰ ਉਧਰ ਦੀਆਂ ਮਨ-ਘੜਤ ਕਹਾਣੀਆਂ ਸੁਨਾਉਣ ਦੀ ਬਜਾਇ ਸਿੱਖ ਇਤਿਹਾਸ ਦੀਆਂ ਸਾਖੀਆਂ ਸੁਣਾਉਂਦੇ, ਜਿਸ ਦੇ ਫਲਸਰੂਪ ਬਾਬਾ ਜੀ ਦੇ ਮਨ ਦਾ ਝੁਕਾ ਬਾਣੀ ਵੱਲ ਹੋ ਗਿਆ। ਛੋਟੀ ਅਵਸਥਾ ਵਿਚ ਹੀ ਬਾਬਾ ਅਜੀਤ ਸਿੰਘ ਜੀ ਨੇ ਆਪਣੇ ਹੋਣਹਾਰ ਬੱਚੇ (ਬਾਬਾ ਜੀ) ਨੂੰ ਪੈਂਤੀ ਸਿਖਾਉਣੀ ਆਰੰਭ ਕਰ ਦਿਤੀ। ਬਾਬਾ ਜੀ ਇੰਨੇ ਹੁਸ਼ਿਆਰ ਅਤੇ ਤੀਖਣ ਬੁਧੀ ਦੇ ਮਾਲਕ ਸਨ ਕਿ ਥੋੜੇ ਦਿਨਾਂ ਵਿਚ ਹੀ ਪੋਥੀ ਪੜ੍ਹਨ ਅਤੇ ਉਸਦੇ ਅਰਥ ਕਰਨ ਵਿਚ ਯੋਗ ਹੋ ਗਏ। ਆਪ ਜੀ ਅੰਦਰੋਂ ਨਾਮ ਦੇ ਰੰਗ ਵਿਚ ਰੱਤੇ ਗਏ। ਬਾਬਾ ਜੀ ਦੇ ਸ਼ੁਭ ਆਗਮਨ ਅਤੇ ਆਰੰਭਕ ਜੀਵਨ ਬਾਰੇ ਸੰਖੇਪ ਜਿਹੀ ਜਾਣਕਾਰੀ ਕਰਾਈ ਜਾਂਦੀ ਹੈ।

ਬਾਬਾ ਸਾਹਿਬ ਸਿੰਘ ਜੀ 'ਬੇਦੀ' 18ਵੀਂ ਸਦੀ ਦੇ ਅਖੀਰ ਅਤੇ 19ਵੀਂ ਸਦੀ ਦੇ ਸ਼ੁਰੂ ਦੀ ਬੜੀ ਮਹਾਨ, ਪ੍ਰਸਿੱਧ, ਗੌਰਵਸ਼ਾਲੀ, ਪ੍ਰਭਾਵਸ਼ਾਲੀ ਅਤੇ ਕਰਾਮਾਤੀ ਸ਼ਖਸੀਅਤ ਹੈ। ਸਰੀਰਕ ਬਣਤਰ ਵਿਚ ਸੁੰਦਰ ਤੇ ਸਡੋਲ, ਚਿਹਰੇ ਮੋਹਰੇ ਤੋਂ ਰੋਹਬ-ਦਾਬ ਵਾਲੀ, ਮਿਠੇ ਅਤੇ ਸ਼ਾਂਤ ਸੁਭਾ ਵਾਲੀ ਅਤੇ ਵਿਹਾਰ ਵਿਚ ਅਤਿ ਨਿਮਰਤਾ ਵਾਲੀ ਪੂਰਨ ਤੇ ਗੁਰਸਿੱਖ ਪ੍ਰਤਿਭਾ ਹੈ। ਮੈਂ ਆਪਣੇ ਇਸ ਵਿਸ਼ੇ ਦੇ ਮਨੋਰਥ ਦੀ ਪੂਰਤੀ ਲਈ ਬਾਬਾ ਸਾਹਿਬ ਸਿੰਘ ਜੀ 'ਬੇਦੀ' ਦੀ ਸ਼ਖਸੀਅਤ ਦੇ ਪ੍ਰਭਾਵਸ਼ਾਲੀ ਅਤੇ ਕਰਾਮਾਤੀ ਪੱਖ ਨੂੰ ਉਜਾਗਰ ਕਰਨਾ ਹੈ। ਅਜਿਹੀਆਂ ਗੌਰਵਸ਼ਾਲੀ ਪ੍ਰਭਾਵਸ਼ਾਲੀ ਤੇ ਕਰਾਮਾਤੀ ਸ਼ਖਸੀਅਤਾਂ ਹੀ ਵਰਤਮਾਨ ਅਤੇ ਭਵਿਖ ਵਿਚ ਕੌਮ ਜਾਂ ਧਰਮ ਨੂੰ ਜ਼ਿੰਦਗੀ ਬਖਸ਼ਦੀਆਂ ਹਨ ਤੇ ਚੜ੍ਹਦੀਆਂ ਕਲਾਂ ਵਿਚ ਰਖਦੀਆਂ ਹਨ।

ਬਾਬਾ ਸਾਹਿਬ ਸਿੰਘ ਜੀ 'ਬੇਦੀ' ਦੀ ਸਿੱਖ ਇਤਿਹਾਸ ਵਿਚ ਪ੍ਰਸਿਧਤਾ ਦਾ ਵੱਡਾ ਅਤੇ ਪ੍ਰਮੁਖ ਕਾਰਨ ਇਹ ਸੀ ਕਿ ਆਪ ਜੀ ਗੁਰੂ ਗਰੰਥ ਸਾਹਿਬ ਦੀ ਕਥਾ ਅਜਿਹੇ ਮਨ-ਮੋਹਣੇ ਤੋਂ ਪ੍ਰਭਾਵਸ਼ਾਲੀ ਅਤੇ ਮਿੱਠੀ ਤੇ ਸੁੰਦਰ ਸ਼ਬਦਾਵਲੀ ਰਾਹੀਂ ਕਰਦੇ ਸਨ ਜਿਸ ਦਾ ਅਸਰ ਸਰੋਤਿਆਂ ਉੱਤੇ ਸਦੀਵੀ ਹੁੰਦਾ ਅਤੇ ਇਥੋਂ ਤੱਕ ਕਿ ਉਨ੍ਹਾਂ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦੇ ਸੇਵਕ ਬਣ ਜਾਂਦੇ। ਜਦੋਂ ਵੀ ਬਾਬਾ ਜੀ ਅੰਮ੍ਰਿਤ ਬਚਨਾਂ ਦਾ ਪ੍ਰਚਾਰ ਕਰਨ ਲਈ ਕਿਸੇ ਦੀਵਾਨ ਵਿਚ ਪੁਜਦੇ ਤਾਂ ਆਪ ਜੀ ਦੀ ਮਹਿਮਾ ਸੁਣ ਕੇ ਲੱਖਾਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆ ਪੁਜਦੀਆਂ। ਬਾਬਾ ਜੀ ਦੇ ਪਵਿਤਰ ਹੱਥਾਂ ਦਾ ਅੰਮ੍ਰਿਤ ਪਾਨ ਕਰਨ ਲਈ ਸੰਗਤਾਂ ਸਦਾ ਹੀ ਤੱਤਪਰ ਰਹਿੰਦੀਆਂ ਸਨ ਅਤੇ ਬਾਬਾ ਜੀ ਦੇ ਪਵਿਤਰ ਹੱਥਾਂ ਨਾਲ ਤਿਆਰ ਕੀਤਾ ਅੰਮ੍ਰਿਤ ਛਕਣ ਵਿਚ ਮਾਣ ਤੇ ਵਡਿਆਈ ਸਮਝਦੀਆਂ ਹਨ।

ਜਿਸ ਸਮੇਂ ਭੰਗੀ ਸਰਦਾਰ ਤੇ ਮਹਾਰਾਜਾ ਰਣਜੀਤ ਸਿੰਘ ਦੀ ਘਰੇਲੂ ਜੰਗ ਭਿਆਨਕ ਸਿੱਟਿਆਂ ਦਾ ਰੂਪ ਧਾਰਨ ਕਰ ਗਈ ਸੀ ਤੇ ਭੰਗੀ ਸਰਦਾਰ ਛਿੱਥੇ ਪੈ ਕੇ ਸ਼ਾਹ ਜ਼ਮਾਨ ਦੀ ਅਧੀਨਗੀ ਪ੍ਰਵਾਨ ਕਰ ਰਹੇ ਸਨ, ਉਸ ਸਮੇਂ ਬਾਬਾ ਜੀ ਖ਼ਬਰ ਮਿਲਣ ਤੇ ਝੱਟ ਪੱਟ ਹੀ ਗੁਜਰਾਤ ਪਹੁੰਚੇ ਅਤੇ ਪਰਸਪਰ ਲੜਨ ਲਈ ਤਿਆਰ ਬੈਠੇ ਸਰਦਾਰਾਂ ਵਿਚ ਨਿਝੱਕ ਜਾ ਬੈਠੇ। ਬਾਬਾ ਜੀ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਨੂੰ ਦੇਖਦੇ ਸਾਰ ਹੀ ਸਭ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਤਲਵਾਰ ਉਤਾਰ ਕੇ ਬਾਬਾ ਜੀ ਦੇ ਅੱਗੇ ਰੱਖ ਦਿਤੀ ਅਤੇ ਆਪ ਚੁੱਪ ਚਾਪ ਉਨ੍ਹਾਂ ਅੱਗੇ ਖੜੇ ਹੋ ਗਏ। ਬਾਬਾ ਜੀ ਦਾ ਅਜਿਹਾ ਪ੍ਰਕਾਸ਼-ਮਈ ਚਿਹਰਾ ਸੀ ਅਤੇ ਐਸਾ ਪ੍ਰਭਾਵ ਸੀ ਉਨ੍ਹਾਂ ਦੀ ਸ਼ਖਸੀਅਤ ਦਾ ਕਿ ਬਾਕੀ ਸਭ ਆਕੀ ਹੋਏ ਸਰਦਾਰਾਂ ਨੇ ਪ੍ਰਭਾਵਤ ਹੋ ਕੇ ਆਪੋ ਆਪਣੀਆਂ ਤਲਵਾਰਾਂ ਉਤਾਰ ਦਿਤੀਆਂ।

ਉਪਰੋਕਤ ਕਥਨ ਦੀ ਸਮਰਥਨਾ ਕਰਦੇ ਹੋਏ ਮੁਨਸ਼ੀ ਸੋਹਣ ਲਾਲ ਜੀ ਲਿਖਦੇ ਹਨ ਕਿ "ਸਭ ਤਲਵਾਰਾਂ ਤਕਰੀਬਨ ਇਕ ਘੰਟਾ ਉਸੇ ਤਰ੍ਹਾਂ ਹੀ ਪਈਆਂ ਰਹੀਆਂ ਤੇ ਕਿਸੇ ਦੀ ਇਹ ਜੁੱਰਤ ਨਾ ਹੋ ਸਕੀ ਕਿ ਤਲਵਾਰ ਨੂੰ ਹੱਥ ਪਾਏ। ਆਖਰ ਬਾਬਾ ਜੀ ਨੇ ਆਪਣੀ ਤਲਵਾਰ ਮਹਾਰਾਜਾ ਰਣਜੀਤ ਸਿੰਘ ਦੇ ਲੱਕ ਨਾਲ ਬੰਨੀ ਅਤੇ ਵਰ ਦਿੱਤਾ ਕਿ ਛੇਤੀ ਹੀ ਇਹ ਸਾਰੇ ਪੰਜਾਬ ਦਾ ਮਹਾਰਾਜਾ ਹੋਵੇਗਾ। ਕਿਸੇ ਵੀ ਅੱਖ ਨਾ ਝੱਪਕੀ ਤੇ ਰਾਜ ਗੱਦੀ ਦਾ ਦਿਨ ਵੀ ਉਥੇ ਹੀ ਨੀਅਤ ਹੋ ਗਿਆ।"

ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਸਾਹਿਬ ਸਿੰਘ ਜੀ 'ਬੇਦੀ' ਦਾ ਕਿੰਨਾ ਕੁ ਪ੍ਰਭਾਵ ਕਬੂਲਿਆ, ਇਸ ਦੀ ਮੁਖ ਉਦਾਹਰਣ 'ਨਾਨਕ-ਸ਼ਾਹੀ ਸਿੱਕਾ' ਹੈ। ਰੁਪਏ ਦਾ ਨਾਮ 'ਨਾਨਕ-ਸ਼ਾਹੀ ਰੁਪਿਆ' ਅਤੇ ਪੈਸੇ ਨੂੰ ਨਾਨਕ ਸ਼ਾਹੀ ਪੈਸਾ ਆਖਿਆ ਗਿਆ। ਦੂਸਰੀਆਂ ਹਕੂਮਤਾਂ ਨਾਲ ਚਿੱਠੀ-ਪੱਤਰ ਅਤੇ ਇਕਰਾਰਨਾਮੇ ਕਰਨ ਲਗਿਆਂ ਵੀ ਰਣਜੀਤ ਸਿੰਘ ਆਪਣਾ ਨਾਂ ਨਹੀਂ ਸੀ ਵਰਤਦਾ, 'ਸਰਕਾਰ ਖਾਲਸਾ' ਦਾ ਨਾਂ ਲਿਖਿਆ ਜਾਂਦਾ ਸੀ। ਬਾਬਾ ਸਾਹਿਬ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਇਹ ਚੰਗੀ ਤਰ੍ਹਾਂ ਨਿਸ਼ਚਾ ਕਰਾ ਦਿਤਾ ਸੀ ਕਿ ਖਾਲਸਾ ਪੰਥ ਦੀ ਨੀਂਹ ਬਰਾਬਰੀ ਦੇ ਅਸੂਲਾਂ ਉੱਤੇ ਰਖੀ ਗਈ ਹੈ।

ਇਕ ਵਾਰੀ ਬਾਬਾ ਜੀ ਇਕ ਸਿੰਘ ਦੇ ਬੇਨਤੀ ਕਰਨ ਉੱਤੇ ਬਿਲਾਸਪੁਰ ਗਏ। ਬੜੀ ਦੂਰ ਦੂਰ ਤੋਂ ਗੁਰਬਾਣੀ ਦੇ ਪ੍ਰੇਮੀ ਹੁਮ ਹੁਮਾ ਕੇ ਕੀਰਤਨ ਦਾ ਰਸ ਲੈਣ ਲਈ ਪਹੁੰਚੇ। ਪਰੰਤੂ ਇਥੋਂ ਦੀਆਂ ਚੰਚਲ ਇਸਤ੍ਰੀਆਂ ਬਹੁਤ ਪ੍ਰਸਿੱਧ ਸਨ। ਉਹ ਹਰ ਸਾਧੂ ਮਹਾਤਮਾ ਨੂੰ ਡੋਰੇ ਪਾ ਕੇ ਕਸ ਲੈਂਦੀਆਂ। ਬਾਬਾ ਜੀ ਦੇ ਕੀਰਤਨ ਕਰਦੇ ਸਮੇਂ ਵੀ ਉਨ੍ਹਾਂ ਚੰਚਲ ਇਸਤ੍ਰੀਆਂ ਨੇ ਦੂਸਰੇ ਸਾਧੂਆਂ ਵਾਂਗ ਬਾਬਾ ਜੀ ਨੂੰ ਆਪਣੇ ਕਾਬੂ ਕਰਨ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ। ਪਰੰਤੂ ਬਾਬਾ ਜੀ ਦੀ ਨਜ਼ਰ ਉਤਾਂਹ ਹੀ ਨਾ ਉਠੀ। ਅੰਤ ਜਦੋਂ ਉਹ ਚੰਚਲ ਇਸਤ੍ਰੀਆਂ ਬਾਬਾ ਜੀ ਅੱਗੇ ਸਿਜਦਾ ਕਰਨ ਆਈਆਂ ਤਾਂ ਬਾਬਾ ਜੀ ਨੇ ਉਨ੍ਹਾਂ ਨੂੰ ਗੁਰਬਾਣੀ ਪੜ੍ਹਨ ਦਾ, ਅੰਮ੍ਰਿਤ ਛਕਣ ਦਾ ਅਤੇ ਵਾਹਿਗੁਰੂ ਦਾ ਨਾਮ ਸਿਮਰਨ ਦਾ ਉਪਦੇਸ਼ ਦਿਤਾ। ਇਸ ਤਰ੍ਹਾਂ ਉਹ ਬਾਬਾ ਜੀ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਤੋਂ ਪ੍ਰਭਾਵਤ ਹੋ ਗਈਆਂ ਅਤੇ ਆਪਣੇ ਜੀਵਨ ਨੂੰ ਸੁਧਾਰ ਲਿਆ।

ਇਥੇ ਹੀ ਬੱਸ ਨਹੀਂ, ਆਧੁਨਿਕ ਵਾਰਤਕ ਲਿਖਾਰੀ ਸਰਦਾਰ ਕਪੂਰ ਸਿੰਘ ਜੀ ਸਾਂਬਕ ਆਈ.ਸੀ.ਐਸ. ਨੇ ਵੀ ਬਾਬਾ ਸਾਹਿਬ ਸਿੰਘ ਜੀ 'ਬੇਦੀ' ਦੀ ਪ੍ਰਭਾਵਸ਼ਾਲੀ ਸ਼ਖਸੀਅਤ ਦਾ ਪ੍ਰਭਾਵ ਕਬੂਲਿਆ। ਇਸ ਕਥਨ ਦੀ ਪੁਸ਼ਟੀ ਲਈ ਸਰਦਾਰ ਕਪੂਰ ਸਿੰਘ ਜੀ ਦੇ ਕਹੇ ਹੋਏ ਸ਼ਬਦਾਂ ਨੂੰ ਪ੍ਰਮਾਣ ਵਜੋਂ ਦੇ ਸਕਦੇ ਹਾਂ। ਸਰਦਾਰ ਸਾਹਿਬ ਲਿਖਦੇ ਹਨ :-

"ਮੇਰੀ ਬੜੀ ਇੱਛਾ ਸੀ ਕਿ ਆਪ ਊਨੇ ਸਾਹਿਬ ਹਾਜ਼ਰ ਹੋ ਕੇ ਬ੍ਰਹਮ ਗਿਆਨੀ, ਗੁਰਮੁਖ, ਮਹਾਨ ਆਤਮਾ, ਸ੍ਰੀ ਬਾਬਾ ਸਾਹਿਬ ਸਿੰਘ ਜੀ 'ਬੇਦੀ ਕੁਲ ਰਤਨ', ਜੀ ਦੇ ਚਰਨਾਂ ਵਿਚ ਉਨ੍ਹਾਂ ਦੇ ਜਨਮ ਦਿਨ ਪੁਰਬ ਉਤੇ ਹਾਰਦਿਕ ਸ਼ਰਧਾਂਜਲੀ ਭੇਟ ਕਰਦਾ ਪਰ ਮੇਰੀਆਂ ਜ਼ਾਤੀ ਉਲਝਣਾਂ ਨੇ ਮੈਨੂੰ ਇਹ ਸੁਭਾਗ ਪ੍ਰਾਪਤ ਨਹੀਂ ਹੋਣ ਦਿਤਾ।"

ਇਸ ਤਰ੍ਹਾਂ ਬਾਬਾ ਜੀ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਨੂੰ ਦ੍ਰਿਸ਼ਟੀਗੋਚਰ ਕਰਨ ਤੋਂ ਬਾਅਦ ਉਨ੍ਹਾਂ ਦੀ ਕਰਾਮਾਤੀ ਸ਼ਖਸੀਅਤ ਨੂੰ ਉਜਾਗਰ ਕਰਨਾ ਵੀ ਇਸ ਲੇਖਣੀ ਦਾ ਵਿਸ਼ਾ ਹੈ। ਕਰਾਮਾਤੀ ਸ਼ਖਸੀਅਤ ਤੋਂ ਭਾਵ ਅਜਿਹੀ ਸ਼ਖਸੀਅਤ ਨਹੀਂ ਜਿਹੜੀ ਜਾਦੂ, ਟੂਣੇ ਅਤੇ ਜੰਤਰਾਂ ਮੰਤਰਾਂ ਦੀ ਵਿਦਿਆ ਦੀ ਧਾਰਨੀ ਹੋਵੇ। ਕਰਾਮਾਤੀ ਸ਼ਖਸੀਅਤ ਤੋਂ ਮੇਰਾ ਭਾਵ ਕੁਝ 'ਕਰਨੀ ਵਾਲੀ' ਸ਼ਖਸੀਅਤ ਤੋਂ ਹੈ। ਸੋ ਜਿਥੋਂ ਤਕ ਬਾਬਾ ਸਾਹਿਬ ਸਿੰਘ ਜੀ

'ਬੇਦੀ' ਦੀ ਕਰਾਮਾਤੀ ਸ਼ਖਸੀਅਤ ਦਾ ਸੰਬੰਧ ਹੈ, ਉਹ ਬੜੇ 'ਕਰਨੀ ਵਾਲੇ' ਮਹਾਂਪੁਰਸ਼ ਸਨ। ਇਹ ਕਿਹਾ ਜਾਂਦਾ ਹੈ ਕਿ ਆਪ ਜੀ ਨੇ ਚੂਹੇ ਠਠਿਆਰ, ਜੋ ਕਿ ਬੈਰਾਗੀ ਸੀ, ਦੀ ਮਨੋਕਾਮਨਾ ਪੂਰੀ ਕੀਤੀ ਤੇ ਚੂਹਾ ਠਠਿਆਰ ਸਿੰਘ ਸਜ ਗਿਆ। ਮਨੋਕਾਮਨਾ ਪੂਰੀ ਕਰਨ ਤੋਂ ਭਾਵ ਹੈ ਕਿ ਚੂਹੇ ਠਠਿਆਰ ਦੇ ਘਰ ਔਲਾਦ ਨਹੀਂ ਸੀ ਹੁੰਦੀ। ਉਸ ਨੇ ਇਸ ਭਾਵ ਦੀ ਪੂਰਤੀ ਲਈ ਬਾਬਾ ਜੀ ਅੱਗੇ ਬੇਨਤੀ ਕੀਤੀ। ਸੋ ਜਦੋਂ ਬਾਬਾ ਜੀ ਦੇ ਕਹਿਣ ਅਨੁਸਾਰ ਉਸ ਨੇ ਅੰਮ੍ਰਿਤ ਛਕ ਲਿਆ ਤੇ ਸਿੰਘ ਸਜ ਗਿਆ ਤਾਂ ਪੂਰੇ ਇਕ ਸਾਲ ਬਾਅਦ ਉਸ ਦੇ ਘਰ ਵਾਹਿਗੁਰੂ ਨੇ ਪੁੱਤਰ ਦੀ ਦਾਤ ਬਖਸ਼ੀ ਅਤੇ ਇਸ ਤਰ੍ਹਾਂ ਉਸ ਦੀ ਮਨੋਕਾਮਨਾ ਪੂਰੀ ਹੋਈ।

ਬਾਬਾ ਸਾਹਿਬ ਸਿੰਘ ਜੀ 'ਬੇਦੀ' ਕੀਰਤਨ ਇੰਨੇ ਪ੍ਰਭਾਵਸ਼ਾਲੀ ਅਤੇ ਕਰਾਮਾਤੀ ਢੰਗ ਨਾਲ ਕਰਿਆ ਕਰਦੇ ਸਨ ਕਿ ਜ਼ਹਿਰੀ ਨਾਗ ਵੀ ਕੀਲੇ ਜਾਂਦੇ। ਇਕ ਵਾਰੀ ਜਦੋਂ ਬਾਬਾ ਜੀ ਮੀਰਪੁਰ ਵਿਚ ਗੁਰਬਾਣੀ ਗਾਇਨ ਕਰ ਰਹੇ ਸਨ ਤਾਂ ਇਕ ਜ਼ਹਿਰੀ ਫਨੀਅਰ ਸੱਪ ਬਾਬਾ ਜੀ ਦੇ ਕੋਲ ਆ ਕੇ ਬੈਠ ਗਿਆ। ਪਰੰਤੂ ਕੀਰਤਨ ਦੀ ਸਮਾਪਤੀ ਤੇ ਉਹ ਫਨੀਅਰ ਨਾਗ ਆਪਣੇ ਪ੍ਰਾਣ ਛੱਡ ਗਿਆ। ਇਸ ਕੌਤਕ ਨੂੰ ਵੇਖ ਕੇ ਸੰਗਤਾਂ ਬਹੁਤ ਹੈਰਾਨ ਹੋਈਆਂ ਤੇ ਬਾਬਾ ਜੀ ਤੋਂ ਇਸ ਦਾ ਕਾਰਨ ਪੁਛਿਆ। ਬਾਬਾ ਜੀ ਨੇ ਫਰਮਾਇਆ :–"ਭਾਈ ਸਿੱਖੋ ! ਇਹ ਸੱਪ ਪਿਛਲੇ ਜਨਮ ਵਿਚ ਹੰਕਾਰੀ ਵਿਦਵਾਨ ਪੰਡਤ ਸੀ। ਅੱਜ ਨਿਮਰਤਾ ਸਹਿਤ ਗਰੀਬੀ ਧਾਰ ਕੇ ਗੁਰਬਾਣੀ ਸੁਣਨ ਨਾਲ ਇਸ ਦੀ ਸਦਗਤੀ ਹੋਈ ਹੈ।" ਇਹ ਸੁਣਕੇ ਸੰਗਤਾਂ ਦੇ ਦ੍ਰਵੇ ਹਿਰਦਿਆਂ ਵਿਚੋਂ ਅਵਾਜ਼ ਆਈ, 'ਧੰਨ ਧੰਨ ਬਾਬਾ ਸਾਹਿਬ ਸਿੰਘ ਜੋ ਜਮ ਤੇ ਲਏ ਛੁਡਾਇ।'

ਅੰਤ ਵਿਚ ਮੈਂ ਵੀ ਬਾਬਾ ਜੀ ਦੀ ਅਮਰ ਆਤਮਾ ਅੱਗੇ ਇਹੀ ਪ੍ਰਾਰਥਨਾ ਕਰਦਾ ਹਾਂ ਕਿ ਗੁਰੂ ਘਰ ਦੀਆਂ ਸੰਗਤਾਂ ਦੇ ਸਿਰ ਉੱਤੇ ਮਿਹਰਾਂ ਭਰਿਆ ਹੱਥ ਰੱਖੋ, ਆਪਣੀ ਛਤਰ-ਛਾਇਆ ਹੇਠ ਗੁਰ ਘਰ ਦੇ ਪ੍ਰੇਮੀਆਂ ਨੂੰ ਨਾਮ ਸਿਮਰਨ ਦਾ ਬਲ ਬਖਸ਼ੋ ਅਤੇ ਹਮੇਸ਼ਾਂ ਚੜ੍ਹਦੀਆਂ ਕਲਾਂ ਵਿਚ ਰਹਿਣ ਦੀ ਸਮਰਥਾ ਬਖਸ਼ੋ। ਗੁਰੂ ਘਰ ਆਈਆਂ ਸੰਗਤਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰੋ ਅਤੇ ਜ਼ਹਿਰੀ ਫਨੀਅਰ ਸੱਪ ਵਾਂਗ ਸਦਾਗਤੀ ਬਖਸ਼ੋ। ਅਜੋਕੀ ਭੁੱਲੀ ਭਟਕੀ ਅਤੇ ਕੁਰਾਹੇ ਪਈ ਮਨੁੱਖਤਾ ਨੂੰ ਆਪਣੇ ਜੀਵਨ ਦੀ ਅਸਲੀ ਮੰਜ਼ਲ ਤੱਕ ਪਹੁੰਚਣ ਦੀ ਸਮਰਥਾ ਬਖਸ਼ੋ। ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ 'ਬੇਦੀ' ਦੇ ਕਹਿਣ ਅਨੁਸਾਰ ਆਪ ਜੀ (ਬਾਬਾ ਸਾਹਿਬ ਸਿੰਘ ਜੀ 'ਬੇਦੀ') ਦਾ ਨਾਮ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਉਤੇ ਸੂਰਜ ਵਾਂਗ ਚਮਕਦਾ ਰਹੇਗਾ ਅਤੇ ਮਨੁੱਖਤਾ ਆਪ ਜੀ ਦੇ ਜੀਵਨ ਤੋਂ ਸਿਖਿਆ ਪ੍ਰਾਪਤ ਕਰਦੀ ਰਹੇਗੀ।

**ਨਾਮੇ ਹੀ ਤੇ ਸਭ ਕਿਛ ਹੋਆ ਬਿਨ ਸਤਿਗੁਰ ਨਾਮੁ ਨ ਜਾਪੈ ॥**
**ਗੁਰ ਕਾ ਸਬਦੁ ਮਹਾਰਸ ਮੀਠਾ ਬਿਨ ਚਾਖੇ ਸਦੁ ਨ ਜਾਪੈ ॥**

# ਰਾਜਾ ਜੋਗੀ

ਅਰਥਾਤ ਜੀਵਨ ਕਥਾ

# ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ

ਊਨਾ (ਪਹਿਲੇ ਜ਼ਿਲਾ ਹੁਸ਼ਿਆਰਪੁਰ, ਫਿਰ ਹਿਮਾਚਲ ਪ੍ਰਦੇਸ਼)

(ਵਲੋਂ–ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ)

(ਲੜੀ ਜੋੜਨ ਲਈ ਵੇਖੋ ਅੰਕ ਮਈ, 1975)

ਗੁਰਦਿਆਲ ਸਿੰਘ ਦਾ ਗੁਰੂ ਘਰ ਦੀ ਸੇਵਾ ਲਈ ਅਰਦਾਸਾ ਪਹਿਲੇ ਹੀ ਹੋ ਚੁਕਿਆ ਸੀ ਅਤੇ ਇਸ ਦੇ ਦਿਲ ਵਿਚ ਵੀ ਸੇਵਾ ਭਾਵ ਤੇ ਸ਼ਰਧਾ ਪਿਆਰ ਵੀ ਹੈ ਸੀ। ਜਿਸ ਲਈ ਬਾਬਾ ਅਜੀਤ ਸਿੰਘ ਜੀ ਦੇ ਚਲਾਣੇ ਮਗਰੋਂ ਇਸ ਨੂੰ ਸਾਹਿਬਜ਼ਾਦਾ ਸਾਹਿਬ ਸਿੰਘ ਜੀ ਨੇ ਆਪਣੀ ਸੇਵਾ ਵਿਚ ਹੀ ਰੱਖ ਲਿਆ ਅਤੇ ਇਹ ਵੀ ਇਨ੍ਹਾਂ ਨੂੰ ਬਾਬਾ ਜੀ ਦਾ ਰੂਪ ਜਾਣ ਹੀ ਕੇ ਸੇਵਾ ਵਿਚ ਤੱਤਪਰ ਰਹਿਣ ਲਗਾ ਸੀ।

**ਨੋਟ--** ਬਾਬਾ ਅਜੀਤ ਸਿੰਘ ਸਾਹਿਬ ਦੇ ਚਲਾਣਾ ਕਰ ਜਾਣ ਦੀ ਕਥਾ ਪਾਠਕਾਂ ਦੇ ਦ੍ਰਿਸ਼ਟੀਗੋਚਰ ਆ ਚੁਕੀ ਹੈ ਇਸ ਲਈ ਹੁਣ "ਦਾਸ ਲੇਖਕ" –ਸਾਹਿਬਜ਼ਾਦਾ ਸਾਹਿਬ ਸਿੰਘ ਜੀ ਪ੍ਰਥਾਂਇ, ਸ੍ਰੀ ਹਜ਼ੂਰ ਸ੍ਰੀ ਬਾਬਾ ਜੀ, ਅਥਵਾ ਬਾਬਾ ਸਾਹਿਬ ਸਿੰਘ ਜੀ ਆਦਿਕ ਨਾਮ ਅਤੇ ਸ਼ਬਦ ਅਗੇ ਵਰਤੇਗਾ।

## ਰਾਜਿਆਂ ਵਲੋਂ ਜਗੀਰਾਂ ਅਰਪਨ ਹੋਈਆਂ

ਸ੍ਰੀ ਗੁਰੂ ਨਾਨਕ ਬੰਸ ਦੇ ਸਾਰੇ ਬੇਦੀ ਬਾਬੇ, ਇਕ ਵੇਰੀ ਗੁਰੂ ਬਾਬੇ ਦੇ ਅਸਥਾਨ "ਡੇਹਰਾ ਬਾਬਾ ਨਾਨਕ" ਵਿਚ ਸਾਲਾਨਾ ਦਸਵੀਂ ਦੇ ਯੱਗ ਸਮੇਂ ਇਕਠੇ ਹੋਇ। ਸਾਰਿਆਂ ਨੇ ਪੁਰਾਤਨ ਰੀਤੀ ਅਨੁਸਾਰ ਪਰਚਾਰ ਲਈ ਇਲਾਕਿਆਂ ਦੀ ਵੰਡ ਕੀਤੀ। ਜਿਸ ਵਿਚ ਪਹਾੜ ਦੀ ਸਿੱਖੀ "ਬਾਬਾ ਕਲਾਧਾਰੀ" ਜੀ ਦੇ ਹਿੱਸੇ ਆਈ ਸੀ। ਇਸੇ ਗੁਰਮਤੇ ਅਨੁਸਾਰ ਹੀ ਬਾਬਾ ਕਲਾਧਾਰੀ ਜੀ ਨੇ ਹੁਸ਼ਿਆਰਪੁਰ ਦੇ ਇਲਾਕੇ ਦੇ ਪਹਾੜ ਵਿਚ ਸੁੰਦਰ ਥਾਂ ਦੇਖ ਕੇ ਊਨੇ ਵਿਚ ਆਪਣਾ ਨਿਵਾਸ ਰਖਿਆ। ਇਨ੍ਹੀਂ ਦਿਨੀਂ ਹੀ ਜਸਵਾਲੀ ਰਾਜਾ ਰਾਮ ਸਿੰਘ, ਸਿੱਖੀ ਭਾਵ ਵਿਚ ਬਾਬਾ ਕਲਾਧਾਰੀ ਜੀ ਦੇ ਦਰਸ਼ਨ ਨੂੰ ਆਇਆ, ਅਤੇ ਲੰਗਰ ਲਈ ੭੦ ਘੁਮਾਉਂ ਜ਼ਮੀਨ ਦਾ ਪੱਟਾ ਲਿਖ ਕੇ ਭੇਟਾ ਕੀਤਾ ਸੀ। ਜੋ ਪਿੱਛੋਂ ਇਨ੍ਹਾਂ ਦੇ ਸਪੁੱਤਰ ਬਾਬਾ ਅਜੀਤ ਸਿੰਘ ਦੇ ਹਿੱਸੇ ਆਇਆ।

ਹੁਣ ਜਦੋਂ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ ਊਨੇ ਸਾਹਿਬ ਆਪਣੇ ਦਾਦਾ ਤੇ ਪਿਤਾ ਪੁਰਖੀ ਅਸਥਾਨ ਉਤੇ ਆਣ ਕੇ ਨਿਵਾਸ ਕੀਤਾ। ਆਪਣੇ ਆਤਮਕ ਬਲ ਅਤੇ ਰੱਬੀ ਬਖਸ਼ਸ਼ਾਂ ਦੇ ਭੰਡਾਰ ਹੋਣ ਕਰ ਕੇ ਆਪ ਦਾ ਪ੍ਰਤਾਪ ਦਿਨੋਂ ਦਿਨ ਵੱਧਣ ਲਗਾ ਅਤੇ ਭਰੋਸੇ ਵਾਲੇ ਸ਼ਰਧਾਵਾਨ ਲੋਕੀ ਬਾਬਾ ਕਲਾਧਾਰੀ ਜੀ ਥੀਂ ਸੁਣੀ ਵਾਰਤਾ ਅਨੁਸਾਰ ਆਪ ਜੀ ਨੂੰ ਵਡੀ ਸਤਿਕਾਰ ਭਰੀ ਦ੍ਰਿਸ਼ਟੀ ਨਾਲ ਦੇਖਣ ਲਗੇ ਸਨ।

ਇਨ੍ਹੀ ਦਿਨੀਂ ਦਿਲੀ ਦਰਬਾਰ ਦਾ ਇਕ ਦੀਵਾਨ ਜੋ ਪਹਾੜੀ ਰਾਜਿਆਂ ਪਾਸੋਂ (ਖਿਰਾਜ) ਮਾਮਲਾ ਉਗਰਾਹੁਣ ਆਇਆ ਹੋਇਆ ਸੀ, ਬਾਬਾ ਜੀ ਦਾ ਯੱਸ਼ ਸੁਣ ਕੇ ਇਹ ਵੀ ਦਰਸ਼ਨ ਨੂੰ ਆਇਆ। ਦਿਲ ਵਿਚ

ਸੰਕਲਪ ਕੀਤਾ, ਕਿ ਜੇਕਰ ਲੋਕਾਂ ਦਾ ਆਖਿਆ ਸੱਚ ਹੈ ਅਤੇ ਬਾਬਾ ਜੀ ਸ਼ਕਤੀਵਾਨ ਹਨ ਤਾਂ ਮੈਨੂੰ ਆਪਣੀ ਹੱਥੀਂ ਕੜਾਹ ਪ੍ਰਸਾਦ ਦੇਣਗੇ। ਇਹ ਮੱਥਾ ਟੇਕ ਕੇ ਅਜੇ ਬੈਠਾ ਹੀ ਸੀ, ਬਾਬਾ ਜੀ ਨੇ ਇਕ ਸੇਵਕ ਨੂੰ ਕੜਾਹ ਪ੍ਰਸ਼ਾਦ ਤਿਆਰ ਕਰਵਾ ਕੇ ਲਿਆਵਣ ਦਾ ਹੁਕਮ ਕੀਤਾ, ਜੋ ਥੋੜੀ ਹੀ ਦੇਰ ਅੰਦਰ ਲੈ ਆਇਆ। ਬਾਬਾ ਜੀ ਨੇ ਆਪਣੇ ਹੱਥੀਂ ਦੀਵਾਨ ਨੂੰ ਪ੍ਰਸ਼ਾਦ ਦਿਤਾ ਅਤੇ ਬਾਕੀ ਦਾ ਸੰਗਤ ਵਿਚ ਵਰਤਾਉਣ ਦੀ ਆਗਿਆ ਕੀਤੀ। ਹਜ਼ੂਰ ਦੀ ਇਸ ਬਖਸ਼ਸ਼ ਨੂੰ ਦੇਖ ਕੇ ਦੀਵਾਨ ਗਦ-ਗਦ ਹੋਇਆ ਤੇ ਆਪਣੇ ਮਨ ਵਿਚ ਚਿਤਵੇ ਸੰਕਲਪ ਨੂੰ ਦਸ ਕੇ ਖਿਮਾ ਮੰਗੀ, ਤੇ ਉਸੇ ਵੇਲੇ ੨੦ ਘੁਮਾਉਂ ਜ਼ਮੀਨ ਦਾ ਇਕ ਹੋਰ ਪੱਟਾ ਬਾਬਾ ਜੀ ਦੇ ਨਾਮ ਲਿਖ ਕੇ ਭੇਟਾ ਕੀਤਾ।

ਇਸੇ ਤਰ੍ਹਾਂ ਹੀ ਇਨ੍ਹਾਂ ਹੀ ਦਿਨਾਂ ਵਿਚ ਸੰਤੋਖਗੜ੍ਹ ਦੇ ਸਰਦਾਰ ਗੁਰਦਿਤ ਸਿੰਘ ਅਤੇ "ਜਸਵਾਲੀਏ" ਰਾਜਾ ਉਮੀਦ ਸਿੰਘ ਦੇ ਵਿਚਕਾਰ ਜ਼ਮੀਨ ਦੇ ਇਕ ਹਿੱਸੇ ਸਬੰਧੀ ਹੱਦ ਬੰਦੀ ਦਾ ਝਗੜਾ ਪੈਦਾ ਹੋ ਗਿਆ ਸੀ। ਜਿਸ ਵਿਚ ਦੋਹਾਂ ਨੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੂੰ ਸਾਲਸ ਮੰਨਣਾ ਕੀਤਾ, ਤਾਂ ਆਪ ਨੇ ਬੜੀ ਸਿਆਣਪ ਨਾਲ ਇਸ ਝਗੜੇ ਦਾ ਫੈਸਲਾ ਕਰ ਦਿਤਾ, ਜੋ ਦੋਹਾਂ ਧਿਰਾਂ ਨੂੰ ਬਹੁਤ ਪਸੰਦ ਆਇਆ। ਬਾਬਾ ਜੀ ਦੀ ਇਸ ਦੋ ਤਰਫੀ ਪਸੰਦ ਸਾਲਸੀ ਉਤੇ ਪ੍ਰਸੰਨ ਹੋ ਕੇ ਰਾਜਾ ਉਮੀਦ ਸਿੰਘ ਨੇ ਤਾਂ ਸਾਰੇ ਦਾ ਸਾਰਾ 'ਊਨੇ' ਦਾ ਤਅਲਕਾ (ਅਲਾਕਾ) ਹੀ ਦੇ ਦਿਤਾ, ਅਤੇ ਸਰਦਾਰ ਗੁਰਦਿਤ ਸਿੰਘ ਨੇ 'ਕੁਲ ਗ੍ਰਾਂਉ' ਦਾ ਸਰਸਬਜ਼ ਤੇ ਉਪਜਾਊ ਅਲਾਕਾ ਅਤੇ ਨਾਲ ਦੇ ਲਗਦੇ ਗ੍ਰਾਵਾਂ ਦੀ ਜਾਗੀਰ ਭੇਟਾ ਕਰ ਦਿਤੀ।

# ਰਾਜੂ ਵਾਹਕ ਨੂੰ ਉਪਦੇਸ਼

ਹਜ਼ੂਰ ਦਾ ਇਕ ਵਾਹਕ, ਜਿਸ ਦਾ ਨਾਮ ਰਾਜੂ ਸੀ, ਬੜਾ ਦਿਆਨਤਦਾਰ, ਜੋ ਖੇਤੀਬਾੜੀ ਦਾ ਕੰਮ ਕਰਦਾ ਹੋਇਆ ਵੀ ਹਰ ਤਰ੍ਹਾਂ ਦੀ ਸੇਵਾ ਕਰਦਾ ਅਤੇ ਨਾਮ ਬਾਣੀ ਵਿਚ ਜੁੜਿਆ ਰਹਿੰਦਾ। ਇਕ ਦਿਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ! ਜਦੋਂ ਕਿ ਇਕਾਂਤ ਵਿਚ ਵਾਹਿਗੁਰੂ ਦੇ ਧਿਆਨ ਵਿਚ ਜੁੜੇ ਬੈਠੇ ਸਨ, ਰਾਜੂ ਨੇ ਸਮਾਂ ਪਾ ਕੇ ਆਨ ਮੱਥਾ ਟੇਕਿਆ, ਤੇ ਬੇਨਤੀ ਕੀਤੀ–ਮਹਾਰਾਜ ! ਮੈਨੂੰ ਇਸ ਗਲ ਦੀ ਸੋਝੀ ਹੋਈ ਹੈ, ਕਿ ਜਨਮ ਮਰਨ ਹੀ ਸਾਰੇ ਦੁੱਖਾਂ ਦਾ ਕਾਰਨ ਹੈ। ਕਿਉਂਕਿ ਜਨਮ ਵੇਲੇ ਵੀ ਜੀਵ ਤੱਦੇ ਹੀ ਰੋਂਦਾ ਹੈ, ਜੋ ਇਸ ਨੂੰ ਅਤਿ ਦੁੱਖ ਹੁੰਦਾ ਹੈ ਅਤੇ ਮਰਨ ਵੇਲੇ ਵੀ ਰੋਂਦਾ ਹੈ, ਸੋ ਔਖਾ ਹੀ ਜਾਪਦਾ ਹੈ। ਵਿਚਕਾਰਲੀ ਉਮਰੇ ਵੀ ਕਈ ਕਾਰਨਾਂ ਕਰਕੇ ਦੁਖੀ ਹੀ ਰਹਿੰਦਾ ਹੈ। ਤਾਂ ਤੇ ਮੇਰੇ ਤੇ ਐਸੀ ਕਿਰਪਾ ਕਰੋ ਜੋ ਸਦਾ ਦੇ ਦੁੱਖ ਤੋਂ ਛੁਟਕਾਰਾ ਮਿਲ ਜਾਏ।

ਰਾਜੂ ਦੀ ਬੇਨਤੀ ਨੂੰ ਸੁਣ ਆਪ ਬਹੁਤ ਪ੍ਰਸੰਨ ਹੋਏ। ਫੁਰਮਾਇਆ–ਰਾਜੂ ! ਚਿੰਤਾ ਛੱਡ ਦਿਹ ਅਤੇ ਸਤਿਨਾਮ ਦਾ ਸਿਮਰਨ ਕਰ। ਕਲਜੁਗ ਵਿਚ ਸਤਿਨਾਮ ਹੀ ਐਸਾ "ਤਾਰਕ ਮੰਤ੍ਰ"–ਹੈ ਜੋ ਜੱਪ, ਤੱਪ, ਬ੍ਰਤ, ਪੂਜਾ ਤੋਂ ਅਧਿਕ ਫਲਦਾਇਕ ਹੈ, ਜਿਹੜਾ ਪੁਰਸ਼ ਇਕ ਮਨ ਹੋ ਕੇ ਇਸ "ਮੂਲ ਮੰਤ੍ਰ" ਦਾ ਜਾਪ ਕਰੇਗਾ, ਪਰਮ ਪਦਵੀ ਨੂੰ ਪਾ ਕੇ ਜਨਮ ਮਰਨ ਤੋਂ ਰਹਿਤ ਹੋ ਜਾਏਗਾ।

ਬੇਦੀ ਕੁਲ ਦੇ ਮੁਕਟ ਮਣੀ ਪ੍ਰਭ ਕਮਲ ਨੈਨ ਰਿਦ ਸੱਤ ਮਹਾਨ।
ਰਾਜੂ-ਬਿਨੈ ਸੁਨਤ ਕਮਲਾਂਨਨ ਅੰਤਰਜਾਮੀ ਬਹੁ ਹਰਖਾਨ।
ਨਾਮ ਬਿਨਾਂ ਜੋ ਦੂਜੇ ਲਾਗਤ ਕਲ ਮੈ ਸੋ ਪੱਚ ਮੂਏ ਅਜਾਨ।
ਜਾਪ ਤਾਪ ਸੰਜਮ ਔਰ ਸਾਧਨ ਸਭ ਮੈ ਸਤਿਨਾਮ ਪ੍ਰਧਾਨ।
'ਸਤਿਜੁਗ' ਸੱਤ, ਤ੍ਰੇਤੇ ਜੱਪ, ਠਾਨਤ ਦਵਾਪਰ ਪੂਜਾ ਹੈ ਸੁਠ ਠਾਨ।
ਕਲਜੁਗ ਨਾਮ ਜਪਤ ਸੁਖ ਪਾਵਤ ਸ੍ਰੀ ਸਤਿਗੁਰ ਨੇ ਐਨ ਬਖਾਨ।

ਸੋ ਗੁਰ ਬਚਨ ਸੁਨਾਵੈਂ ਤੁਮ ਕੋ ਭਾਈ ਰਾਜੂ ਸੁਨ ਧਰ ਕਾਨ।
'ਅਬ ਕਲੂ ਆਇਓ ਰੇ। ਇਕ ਨਾਮੁ ਬੋਵਹੁ ਬੋਵਹੁ।
ਆਨ ਰੂਤਿ ਨਾਹੀ ਨਾਹੀ। ਮਤੁ ਭਰਮਿ ਭੂਲਹੁ ਭੂਲਹੁ।' (ਬਸੰਤ ਮਹਲਾ ੫)

ਇਹ ਬਚਨ ਸੁਣ ਕੇ ਰਾਜੂ ਨੇ ਸਿਰ ਨਿਵਾਇਆ, ਤੇ ਭਲੀ ਪ੍ਰਕਾਰ ਕਮਾਉਣ ਲੱਗਾ। ਹੁਣ ਇਹ ਆਤਮ ਰਸ ਨੂੰ ਮਾਣਦਾ ਹੋਇਆ ਹੱਥ ਵਿਚ ਦੁਤਾਰਾ ਲੈ ਕੇ ਹਰ ਵੇਲੇ ਉਚੀ ਉਚੀ ਸੁਰ ਨਾਲ ਇਹ ਤੁੱਕਾਂ ਪੜ੍ਹਦਾ ਰਹਿੰਦਾ—

ਹਰਿ ਭਜ ਮੇਰੀ ਜਿੰਦੜੀਏ ਨਿਕਟ ਨ ਆਵੈ ਕਾਲ।

ਕੁਝ ਸਮੇਂ ਪਿਛੋਂ ਸੁਰਤ ਹੋਰ ਉਚੇਰੀ ਹੋ ਗਈ। ਖੇਤੀਬਾੜੀ ਦਾ ਕੰਮ ਵੀ ਰਹਿ ਗਿਆ, ਤੇ ਅਲਬੇਲਾ ਜਿਹਾ ਮਸਤਾਨੀ ਦਸ਼ਾ ਵਿਚ ਫਿਰਦਾ। ਜਿਸ ਤੇ ਇਹਦਾ ਨਾਮ 'ਅਲਬੇਲਾ ਰਾਜੂ' ਪ੍ਰਸਿਧ ਹੋ ਗਿਆ।

ਇਕ ਦਿਨ ਇਹ 'ਹਰੀ ਬਖਸ਼' ਨਾਮੀ ਤਰਖਾਣ (ਬੜ੍ਹਈ) ਦੇ ਘਰ ਜਾ ਕੇ ਉੱਚੀ ਅਵਾਜ਼ ਵਿਚ ਕਹਿਣ ਲੱਗਾ—ਵੋ ? ਹਰ ਬਖਸ਼ਾ ! ਵੋ ਹਰ ਬਖਸ਼ਾ ! ਹਜ਼ਾਰਾਂ ਦੀ ਗਿਣਤੀ ਵਿਚ ਕਿੱਲੇ ਘੜ ਕੇ ਢੇਰ ਲਾ ਦੇ। ਬਾਬਾ ਸਾਹਿਬ ਸਿੰਘ ਜੀ ਦੇ ਪਾਸ ਬੇਅੰਤ ਘੋੜੇ ਆਉਣਗੇ, ਉਹਨਾਂ ਦੇ ਬੰਨ੍ਹਣ ਦੇ ਕੰਮ ਆਉਣਗੇ। ਫੌਜਾਂ ਰਹਿਣਗੀਆਂ। ਊਨਾਂ ਦਿਨੋ ਦਿਨ ਦੂਣ ਵਧੇਗਾ। ਸਮਾਂ ਪਾ ਕੇ ਐਸਾ ਹੀ ਹੋਇਆ, ਪਾਠਕ ਅਗੇ ਪੜ੍ਹਨਗੇ।

# ਸ੍ਰੀ ਬਾਬਾ ਜੀ ਦਾ ਨਾਤਾ ਤੇ ਵਿਆਹ ਹੋਣਾ

ਦਵਾਬੇ ਦਾ 'ਰਾਮ ਸਹਾਈ' ਇਕ ਖੱਤਰੀ ਭਲਾ ਪੁਰਸ਼, ਦੇਸ਼ ਦੀ ਗੜ ਬੜ ਤੋਂ ਡਰਦਾ ਹੋਇਆ ਇਹ ਵੀ ਊਨੇ ਵਿਚ ਆਣ ਵਸਿਆ ਸੀ। ਇਸ ਦੀ ਇਕ ਕੰਨਯਾਂ ਅੱਤ ਸੁੰਦਰ ਸਰਬ ਗੁਣਾਂ ਸੰਪੰਨ ਜਵਾਨ ਸੀ। ਇਧਰ ਹਜ਼ੂਰ ਦੀ ਚੜ੍ਹਦੀ ਜਵਾਨੀ ਮਨ ਮੋਹਣੀ ਸੂਰਤ ਤੇ ਤੇਜ ਪ੍ਰਤਾਪ ਨੂੰ ਦੇਖ ਕੇ ਰਾਮ ਸਹਾਈ ਨੇ ਇਨ੍ਹਾਂ ਲਈ ਕੰਨਯਾਂ ਦਾ ਨਾਤਾ ਦੇਣ ਦਾ ਸੰਕਲਪ ਪੂਰਾ ਕਰ ਦਿਤਾ, ਜੋ ਮਾਤਾ ਜੀ ਨੇ ਪ੍ਰਵਾਨ ਕਰ ਲਿਆ, ਤੇ ਸਾਰੇ ਪ੍ਰਵਾਰ ਵਿਚ ਖੁਸ਼ੀ ਦੀ ਲਹਿਰ ਚਲ ਲਿਕਲੀ।

ਜੇਠ ਹਾੜ ਗਰਮੀਆਂ ਦੇ ਦਿਨ ਲੰਘੇ ਤਾਂ ਰਾਮ ਸਹਾਇ ਨੇ ਸਾਹੇ ਦਾ ਦਿਨ ਪੁੱਛਾ ਕੇ ਸ਼ਾਦੀ ਦਾ ਸਗਨ ਭੇਜ ਦਿਤਾ। ਦੋਹਾਂ ਪਾਸਿਆਂ ਵਲੋਂ ਵਿਵਾਹ ਦੀ ਤਿਆਰੀ ਅਰੰਭ ਹੋਈ। ਨੀਯਤ ਸਮੇਂ ਨਾਨਕੇ, ਦਾਦਕੇ, ਸੰਬੰਧੀਆਂ ਦੇ ਮੇਲੀ ਦੋਹੀਂ ਪਾਸੀਂ ਇਕੱਤਰ ਹੋਏ। ਮੰਗਲਾਚਾਰ ਦੇ ਗੀਤ ਗਾਉਂਦਿਆਂ ਬੇਦੀ ਕੁਲ ਦੀਆਂ ਸੁਹਾਗਣਾਂ ਨੇ ਬਾਬਾ ਜੀ ਨੂੰ ਚੌਂਕੀ ਚੜ੍ਹਾ ਕੇ ਇਸ਼ਨਾਨ ਕਰਾਇਆ, ਤੇ ਪਰੋਹਤ ਨੇ ਬੇਦੀ ਕੁਲ ਰੀਤੀ ਅਨੁਸਾਰ ਫੌੜੀ ਬੈਰਾਗਨ, ਸੇਲ੍ਹੀ ਝੋਲੀ ਆਦਿਕ ਧਾਰਨ ਕਰਾ ਕੇ ਆਪ ਨੂੰ ਬਾਬਾ ਸ੍ਰੀ ਚੰਦ ਜੀ ਦੇ ਰੂਪ ਸਜਾਇਆ ਤਾਂ ਅਸਚਰਜ ਰੂਪ ਚੜ੍ਹਿਆ। ਇਸ ਸਮੇਂ ਦੇ ਹਾਲ ਨੂੰ 'ਗੁਰੂ ਜੱਸ ਹੁਲਾਸ' ਗਰੰਥ ਦੇ ਕਰਤਾ ਭਾਈ ਲਾਲਾ ਰਾਮ ਨੇ ਇਸ ਤਰ੍ਹਾਂ ਲਿਖਿਆ ਹੈ—

'ਪ੍ਰੋਧਾ ਕੁਲ ਰੀਤ ਕਰ ਸਾਲੂ ਕੇ ਓਢਾਯੋ ਅੰਗ,
ਚਰਣ ਸਰੋਜ ਮਾਹਿ ਦੂਖਣੇ ਧਰਾਏ ਹੈਂ।
ਝੋਲੀ ਔ ਫਹੋੜੀ ਹਥ ਸੋਭਤ ਮ੍ਰਿਗਾਨ ਸੁਠ,
ਭਯੋ ਹੈ ਵਿਰਾਗ ਚਿਤ ਅਨਤ ਨ ਲਾਏ ਹੈਂ।
ਭਾਲ ਮਹਾਂ ਲਾਲ, ਬਾਲ ਰਵੀ ਤੇਜ ਭਾਲੀਅਤ,

ਮਾਨੋ ਸ੍ਰੀ ਚੰਦ ਜੀ ਜਗਤ ਫੇਰ ਆਏ ਹੈਂ।
ਸਦਾ ਸ਼ਾਂਤ ਰੂਪ ਪੁਨਾਂ ਸ਼ਾਂਤ ਰੂਪ ਧਰਿਓ ਅੰਗ,
ਤਾਗ ਨ ਵਿਰਾਗ ਜਾਹਿ, ਰਾਗ ਤਿਆਗ ਭਾਏ ਹੈਂ।

ਹਜ਼ੂਰ ਆਪਣੇ ਆਪ ਨੂੰ ਉਦਾਸੀਨ ਬਾਬਾ ਸ੍ਰੀ ਚੰਦ ਜੀ ਦੇ ਰੂਪ ਵਿਚ ਦੇਖ ਕੇ ਵੈਰਾਗੀ ਹੋ ਤਪ ਕਰਨ ਲਈ ਬਾਹਰ ਵਲ ਦੌੜ ਚਲੇ। ਐਤੇ ਅਨੰਦ ਮੰਗਲਾਚਾਰ ਦੇ ਸਮੇਂ ਮਾਨੋ ਪਲ ਵਿਚ ਉਦਾਸੀ ਛਾ ਗਈ। ਮਾਤਾ ਜੀ ਨੂੰ ਫਿਕਰ ਪੈ ਗਿਆ ਕਿ ਮਤਾਂ ਸਾਧੂ ਹੀ ਨ ਬਣ ਜਾਵਣ। ਪਰ ਬਾਬਾ ਧਰਮ ਸਿੰਘ ਤੇ ਸਾਗਰ ਚੰਦ ਨੇ ਤਰਲੇ ਮਿੰਨਤਾਂ ਕਰ ਕੇ ਮੋੜ ਲਿਆਂਦਾ ਅਤੇ ਸਾਧੂ ਬਾਣਾ ਉਤਾਰ ਕੇ ਸਗਨਾਂ ਦੀ ਪੁਸ਼ਾਕ ਪਹਿਨਾ ਦਿਤੀ।

ਤੰਬੋਲ ਲੈਣ ਤੋਂ ਉਪਰੰਤ ਸੱਜ ਧੱਜ ਨਾਲ ਬਰਾਤ ਦਾ ਚੜ੍ਹਾਉ ਕੀਤਾ। "ਰਾਮ ਸਹਾਈ" ਨੇ ਭੀ ਸ਼ੈਹਰ ਦੇ ਮੁਖੀਆਂ ਸਣੇ ਬਰਾਤ ਦਾ ਸੁਆਗਤ ਕੀਤਾ, ਨਿਵਾਸ ਕਰਾਇਆ ਤੇ ਸਮੇਂ ਅਨੁਸਾਰ ਸ਼ਾਦੀ ਦੀ ਰਸਮ ਪੂਰੀ ਹੋਣ ਤੇ ਦਿੱਤ ਦਾਨ ਸਣੇ ਕੰਨਯਾਂ ਦਾ ਡੋਲਾ ਤੋਰ ਦਿਤਾ।

## ਸੰਤੋਖਗੜ੍ਹ ਦੇ ਰਾਜੇ ਘੋੜਾ ਭੇਟ ਕੀਤਾ

ਸ਼ਾਦੀ ਤੋਂ ਉਪਰੰਤ ਸਰਦਾਰ ਗੁਰਦਿਤ ਸਿੰਘ ਦੇ ਯਾਦ ਕਰਨ ਤੇ ਆਪਣੇ ਤਾਇਆ ਧਰਮ ਸਿੰਘ ਸਣੇ ਆਪ ਸੰਤੋਖਗੜ੍ਹ ਚਲੇ ਗਏ। ਰਾਜਾ ਗੁਰਦਿਤ ਸਿੰਘ ਨੇ ਬੜੇ ਸਤਿਕਾਰ ਨਾਲ ਮਹਲਾਂ ਅੰਦਰ ਲਿਜਾ ਕੇ ਸੇਵਾ ਕੀਤੀ ਤੇ ੧ ਘੋੜਾ ਭੇਟ ਕੀਤਾ। ਬਾਬਾ ਜੀ ਨੇ ਘੋੜੇ ਵਲ ਦੇਖਦੇ ਮੁਸਕਰਾ ਕੇ ਆਖਿਆ ਇਸ ਘੋੜੇ ਨੇ ਕਲ ਮਰ ਜਾਣਾ ਹੈ ਇਸ ਨੂੰ ਅਸੀਂ ਕੀ ਕਰੀਏ ? ਇਹ ਗੱਲ ਸੁਣ ਕੇ ਰਾਜੇ ਦੀ ਹੈਰਾਨੀ ਦੀ ਹੱਦ ਨ ਰਹੀ ਤੇ ਇਸ ਗੱਲ ਦੇ ਪ੍ਰਤਾਵੇ ਹਿੱਤ ਗੱਲ ਨੂੰ ਟਾਲਦਿਆਂ ਹੋਇਆਂ ਬਾਬਾ ਜੀ ਨੂੰ ਰਾਤੀਂ ਆਪਣੇ ਪਾਸ ਰਖਿਆ।

ਕੁਦਰਤ ਦੇ ਰੰਗ–ਸੱਚ ਮੁੱਚ ਅੰਮ੍ਰਿਤ ਵੇਲਾ ਹੋਇਆ ਤਾਂ ਘੋੜੇ ਨੂੰ ਐਸਾ ਸੂਲ ਉਠਿਆ ਜੋ ਥੋੜੀ ਦੇਰ ਵਿਚ ਹੀ ਤੜਪ ੨ ਕੇ ਮਰ ਗਿਆ। ਬਾਬਾ ਜੀ ਦੀ ਇਸ ਪ੍ਰਤੱਖ ਵਾਕ ਸਿੱਧੀ ਨੇ ਰਾਜਾ ਗੁਰਦਿਤ ਸਿੰਘ ਦੇ ਮਨ ਤੇ ਖਾਸਾ ਪ੍ਰਭਾਵ ਪਾਇਆ। ਵਿਸ਼ਵਾਸ ਹੋਰ ਭੀ ਵਧ ਗਿਆ ਤਾਂ ਇਕ ਹਜ਼ਾਰ ੧੦੦੦) ਨਕਦੀ ਤੇ ਇਕ ਹੋਰ ਘੋੜਾ ਦੇ ਕੇ ਵਿਦਾ ਕੀਤੇ।

## ਸੱਸ ਸਹੁਰੇ ਨੂੰ ਉਪਦੇਸ਼

ਤਾਇਆ ਧਰਮ ਸਿੰਘ ਦੇ ਜ਼ੋਰ ਦੇਣ ਤੇ ਆਪ ਜੀ ਕੁਝ ਚਿਰ ਲਈ ਮੁੜ ਬਾੜੀਏਂ ਜਾਣ ਨੂੰ ਤਿਆਰ ਹੋਏ, ਤਾਂ ਆਪ ਦੇ ਸੱਸ ਤੇ ਸਹੁਰਾ (ਰਾਮ ਸਹਾਈ) ਜੀ ਨੇ ਝਾਕਾ ਛੱਡ ਕੇ ਬੇਨਤੀ ਕੀਤੀ–ਮਹਾਰਾਜ ! ਸਾਡੇ ਧਨ ਭਾਗ ਹਨ ਜੋ ਆਪ ਨਾਲ ਸੰਬੰਧ ਹੋਇਆ ਹੈ। ਪਰ ਇਹ ਸੰਬੰਧ ਦੁਨੀਆਂਦਾਰੀ ਦਾ ਹੈ। ਸਾਨੂੰ ਆਪਣੇ ਪਵਿਤਰ ਉਪਦੇਸ਼ ਦਵਾਰੇ ਕਿਰਤਾਰਥ ਕਰੀਏ ! ਜਿਸ ਤੇ ਇਹ ਸੰਬੰਧ ਗੁਰ ਦਰਗਾਹ ਵਿਚ ਭੀ ਲਾਭਕਾਰੀ ਹੋਵੇ।

ਇਨ੍ਹਾਂ ਦੀ ਇਸ ਬੇਨਤੀ ਨੂੰ ਪ੍ਰਵਾਨ ਕਰਦਿਆਂ ਹਜ਼ੂਰ ਨੇ ਇਸ ਤਰ੍ਹਾਂ ਨਾਲ ਇਨ੍ਹਾਂ ਦੀ ਭਲਾਈ ਦਾ ਬਚਨ ਕੀਤਾ :–

ਬਾਬਾ ਜੀ ਨੇ ਫੁਰਮਾਇਆ, ਸਤਿਨਾਮ ਦਾ ਸਿਮਰਨ ਹੀ ਉਤਮ ਕਰਮ ਹੈ, ਪਰ ਪਹਿਲੇ ਨਾਮ ਸਿਮਰਨ ਦੇ ਅਰਥ ਭੇਦ ਨੂੰ ਸਮਝਣਾ ਜ਼ਰੂਰੀ ਹੈ। ਗੁਰੂ ਜੀ ਫੁਰਮਾਉਂਦੇ ਹਨ :–

"ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੋਇ ਨ ਵਸਹਿ ਇਕ ਠਾਇ।"
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ।

ਜਿਸ ਹਿਰਦੇ ਵਿਚ ਮਨ, ਬਾਣੀ, ਸਰੀਰ ਕਰ ਕੇ ਅਜੇ ਹੰਗਤਾ ਬਣੀ ਹੋਈ ਹੋਵੇ, ਉਥੇ ਨਾਮ ਦਾ ਨਿਵਾਸ ਨਹੀਂ ਹੋ ਸਕਦਾ। ਤੇ ਜਿਥੇ ਇਹ ਭਾਵ ਦ੍ਰਿੜ੍ਹ ਹੈ–

"ਮੈਂ ਨਾਹੀ ਪ੍ਰਭ ਸਭੁ ਕਿਛੁ ਤੇਰਾ।"

ਉਥੇ ਹੀ ਨਾਮ ਦਾ ਨਿਵਾਸ ਹੋ ਸਕਦਾ ਹੈ। ਇਸ ਭਾਵ ਅੰਦਰ ਰਹਿੰਦੇ ਹੋਇਆਂ ਜੋ ਨਾਮ ਸਿਮਰਨ ਅਭਿਆਸ ਕਰਦੇ ਹਨ, ਓਹੀ ਪੁਰਸ਼–"ਲੋਕ ਸੁਖੀ, ਤੇ ਪ੍ਰਲੋਕ ਸੁਹੇਲੇ" ਹੋ ਕੇ ਵਾਹਿਗੁਰੂ ਦੇ ਦਰ ਪਰਵਾਨ ਹੁੰਦੇ ਹਨ।

ਇਸ ਰੀਤੀ ਦਾ ਉਪਦੇਸ਼ ਦਿੰਦੇ ਹੋਏ ਬਾਬਾ ਜੀ ਨੇ ਆਪਣੇ ਸੱਸ ਸਹੁਰੇ ਨੂੰ ਨਿਹਾਲ ਕੀਤਾ ਤੇ ਬਾੜੀਏ ਵਲ ਚਾਲੇ ਪਾ ਦਿਤੇ।

# ਮਨ ਬੈਰਾਗ ਭਇਆ ਦਰਸ਼ਨ ਦੇਖਣੇ ਕਾ ਚਾਉ

ਬਾੜੀਏ ਆਇਆਂ ਅਜੇ ਕੁਝ ਦਿਨ ਹੀ ਬੀਤੇ ਸਨ, ਕਿ ਆਪ ਦੇ ਤਾਇਆ ਬਾਬਾ ਧਰਮ ਸਿੰਘ ਗੁਰਪੁਰੀ ਸਿਧਾਰ ਗਏ। ਇਨ੍ਹਾਂ ਦਾ ਮ੍ਰਿਤਕ ਸੰਸਕਾਰ ਹਜ਼ੂਰ ਨੇ ਆਪਣੇ ਹਥੀਂ ਕੀਤਾ। ਪਰ ਚਿਤ ਵਿਚ ਬਹੁਤ ਵੈਰਾਗ ਹੋ ਆਇਆ। ਇਕਾਂਤ ਬੈਠਦੇ, ਥੋੜਾ ਬੋਲਦੇ, ਇਹ ਸੁਭਾਉ ਕਰ ਲਿਆ ਸੀ। ਕੁਝ ਦਿਨਾਂ ਮਗਰੋਂ ਆਪਣੇ ਛੋਟੇ ਭਰਾਤਾ ਬਾਬਾ ਮਹਿਬੂਬ ਸਿੰਘ ਦੀ ਸ਼ਾਦੀ ਭੀ ਕਰਾ ਦਿਤੀ ਅਤੇ ਮਾਤਾ ਜੀ ਦੀ ਆਗਿਆ ਪਾ ਕੇ ਮੁੜ ਪਹਾੜੀਂ ਜਾ ਚੜ੍ਹੇ। ਕਦੀ ਕਿਸੇ ਪਹਾੜ ਦੀ ਕੰਦਰਾ ਵਿਚ ਬੈਠੇ ਬੈਠੇ ਦਿਨ ਬਿਤਾ ਦਿੰਦੇ –

"ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।"

ਵਾਲੀ ਦਸ਼ਾ ਵਿਚ ਫਿਰਦੇ ਰਹਿੰਦੇ ਸਨ। ਪਹਾੜੋਂ ਉਤਰੇ ਤਾਂ ਸਿੱਧੇ ਸ੍ਰੀ ਅੰਮ੍ਰਿਤਸਰ 'ਰਾਮਗੜ੍ਹ' ਕਿਲ੍ਹੇ ਦੇ ਨੇੜੇ ਆਣ ਨਿਵਾਸ ਕੀਤਾ।

ਨਾਮ ਸਿਮਰਨ ਵਿਚ ਚਿਤ ਗਿੱਝਾ ਹੋਇਆ ਸੀ, ਸ਼ਾਂਤ ਰਸ ਵਿਚ ਮਗਨ, ਤੇੜ ਕਛਹਿਰਾ ਤੇ ਬਾਕੀ ਦਾ ਸਰੀਰ ਨਗਨ, ਮਸਤਾਨੇ ਹੋ ਕੇ ਵਿਚਰਨ ਲਗੇ। ਕੋਈ ਇਨ੍ਹਾਂ ਨੂੰ ਬਾਵਰਾ ਸਮਝੇ, ਕੋਈ ਅਵਧੂਤ ਅਤੇ ਕੋਈ ਸ਼ਾਂਤ ਸਰੂਪ ਫਕੀਰ ਆਖੇ। ਪਰ ਆਪ ਜੀ ਸਦਾ ਹੀ ਮਸਤ ਰਹਿੰਦੇ, ਤੇ ਅੰਮ੍ਰਿਤ ਵੇਲੇ ਦਾ ਇਸ਼ਨਾਨ ਸ੍ਰੀ ਸੁਧਾ ਸਰੋਵਰ ਵਿਚ ਆਣ ਕਰਦੇ ਹੁੰਦੇ ਸਨ।

ਕਬੀਰ ਬਿਰਹੁ ਭੁਯੰਗਮੁ ਮਨ ਬਸੈ ਮੰਤੁ ਨ ਮਾਨੈ ਕੋਇ।
ਰਾਮ ਬਿਓਗੀ ਨ ਜੀਐ, ਜੀਐ ਤਾ ਬਉਰਾ ਹੋਇ।

ਇਸੇ ਰੰਗ ਵਿਚ ਆਪ ਇਕ ਦਿਨ ਮਸਤ ਬੈਠੇ ਸਨ, ਤਾਂ ਇਕ ਚੀਨੀ ਮਾਈ ਜੋ ਸ੍ਰੀ ਦਰਬਾਰ ਸਾਹਿਬ, ਦਰਸ਼ਨ ਨੂੰ ਆਈ ਸੀ (ਬੰਦਗੀ ਦੇ ਪ੍ਰਤਾਪ ਨਾਲ ਅਨੁਭਵ ਗਿਆਨ ਭੀ ਰਖਦੀ ਸੀ) ਨੇ ਬਾਬਾ ਸਾਹਿਬ ਸਿੰਘ ਜੀ ਦੀ ਅਵਸਥਾ ਨੂੰ ਲੱਖ ਲੀਤਾ ਕਿ ਇਹ ਪੁੱਗੀ ਹੋਈ ਵਿਅਕਤੀ ਹਨ, ਜੋ ਗੋਦੜੀ ਵਿਚ ਲਾਲ ਵਾਂਙੂ ਲੁਕ ਕੇ ਟਿਕੇ ਹੋਏ ਹਨ। ਇਹ ਮਾਈ ਬਾਬਾ ਜੀ ਦੇ ਨੇੜੇ ਆਈ, ਤੇ ਮੱਥਾ ਟੇਕ ਕੇ ਆਖਣ ਲੱਗੀ–ਮਹਾਰਾਜ ! ਇਸ ਤਰ੍ਹਾਂ ਨਾਲ

ਆਪਣੇ ਆਪ ਨੂੰ ਲੁਕਾ ਕੇ ਕਦੋਂ ਤੀਕ ਬੈਠੇ ਰਹੋਗੇ ? ਜਿਸ ਕਾਰਨ ਲਈ ਆਏ ਹੋ, ਉਹੀ ਆਪ ਨੂੰ ਕਰਨਾ ਬਣਦਾ ਹੈ। ਸੁਭ ਉਪਦੇਸ਼ ਦਵਾਰੇ ਮਨੁਸ਼ ਮਾਤਰ ਦੀ ਆਤਮਾ ਨੂੰ ਉਚੇ ਕਰਨਾ ਹੀ ਸੱਚੀ ਬੰਦਗੀ ਹੈ। ਸੰਤ ਮਹਾਤਮਾਂ ਪੁਰਸ਼ਾਂ ਦੇ ਲੁਕ ਕੇ ਬੈਠ ਜਾਣ ਨਾਲ ਦੂਜਿਆਂ ਨੂੰ ਕੋਈ ਲਾਭ ਨਹੀਂ ਪੁਜ ਸਕਦਾ।

ਮਾਈ ਅਜੇ ਕੁਝ ਹੋਰ ਆਖਣਾ ਹੀ ਚਾਹੁੰਦੀ ਸੀ, ਤਾਂ ਹਜ਼ੂਰ ਨੇ ਬਚਨ ਕੀਤਾ–ਮਾਈ ! ਕੁਝ ਪਾਇਆ ਈ ਤਾਂ ਜੱਰ। ਇਹ ਗੱਲਾਂ ਕਹਿਣ ਕਥਨ ਦੀਆਂ ਨਹੀਂ। ਅਸੀਂ ਆਪਣੇ ਕਰਤੱਵ ਨੂੰ ਭਲੀ ਪ੍ਰਕਾਰ ਸਮਝਦੇ ਹੋਏ ਕਰਤੇ ਦੀ ਰਜ਼ਾ ਵਿਚ ਰਹਿ ਰਹੇ ਹਾਂ। ਇਉਂ ਸੁਣ ਕੇ ਮਾਈ ਸਿਰ ਨਿਵਾ ਕੇ ਚਲੀ ਗਈ। ਫੇਰ ਵੀ ਦਰਸ਼ਨ ਭਾਵੇਂ ਕਰਦੀ ਰਹਿੰਦੀ ਪਰ ਮੂੰਹੋਂ ਕੁਝ ਨਾ ਆਖਦੀ।

# ਖੋਜ਼ੀ ਨੂੰ ਦੀਦਾਰ ਦੇ ਕੇ ਨਿਹਾਲ ਕਰਨਾ

ਸ੍ਰੀ ਅੰਮ੍ਰਿਤਸਰ ਵਿਚ ਇਕ ਜਗਿਆਸੂ ਖੋਜੀ ਪੁਰਸ਼ ਚਿਰ ਤੋਂ ਰਹਿੰਦਾ ਸੀ। ਇਹਦੇ ਦਿਲ ਵਿਚ ਇਹੀ ਲਗਨ ਰਹਿੰਦੀ ਕਿ ਮੈਨੂੰ ਕਿਸੇ ਐਸੇ ਮਹਾਂਪੁਰਸ਼ ਦੀ ਸੰਗਤ ਨਸੀਬ ਹੋਵੇ, ਜੋ "ਨਦਰੀ ਨਦਰ ਨਿਹਾਲ" ਕਰ ਕੇ ਬਚਨਾਂ ਦੀ ਤਾਸੀਰ ਨਾਲ ਤਪਤ ਆਤਮੇ ਠੰਢ ਵਰਤਾ ਦੇਵੇ।

ਇਸ ਨੇ ਹਰ ਇਕ, ਮਤ ਦੇ ਸਾਧੂ, ਸੰਤਾਂ ਤੇ ਮਹੰਤਾਂ ਦੇ ਡੇਰਿਆਂ ਵਿਚ ਫਿਰ ਫਿਰ ਕਈ ਦਿਨ ਗੰਵਾ ਦਿਤੇ, ਪਰ ਕਥਨੀ ਕਰਨ ਵਾਲੇ ਸਾਰੇ ਕਮਾਈ ਦੀ ਕਣੀ ਤੋਂ ਖਾਲੀ ਡਿਠੇ। ਨਿਰਾਸਾ ਹੋ ਕੇ ਕਹਿੰਦਾ ਫਿਰੇ ਕਿ ਦੇਸ਼ ਹੁਣ ਕਰਣੀ ਵਾਲਿਆਂ ਤੋਂ ਖਾਲੀ ਹੋ ਗਿਆ ਹੈ। ਇਸ ਨੂੰ ਆਤਮਕ ਖੋਜ ਦੀ ਲਗਨ ਤਾਂ ਅਜੇ ਉਸੇ ਤਰ੍ਹਾਂ ਬਣੀ ਪਈ ਸੀ। ਪਰ ਆਪਣੇ ਮਨੋਰਥ ਸਿੱਧੀ ਲਈ ਇਸ ਨੇ ਇਕ ਪਾਖੰਡ ਕੀਤਾ ਕਿ ਪਾਣੀ ਦੀਆਂ ਮਸ਼ਕਾਂ ਭਰ ਕੇ ਰਾਤੀਂ ਜ਼ਮੀਨ ਵਿਚ ਦਬਾ ਦਿਤੀਆਂ, ਤੇ ਆਪ ਆਸਣ ਵਿਛਾ ਕੇ ਉਤੇ ਬੈਠ ਗਿਆ। ਇਕ ਕੋਨੇ ਤੋਂ ਥੋੜਾ ਮਸ਼ਕ ਦਾ ਮੂੰਹ ਖੁਲ੍ਹਾ ਰਖਿਆ, ਜਿਸ ਵਿਚੋਂ ਦਬਾ ਨਾਲ ਥੋੜ੍ਹਾ ਪਾਣੀ ਸਿੰਮਦਾ ਰਹੇ, ਅਤੇ ਲੋਕੀਂ ਜਾਣਨ ਇਹ ਕਰਾਮਾਤੀ ਪੁਰਸ਼ ਹੈ। ਇਸ ਨੇ ਆਪਣਾ ਨਾਮ 'ਲਾਲਾਂ ਵਾਲਾ ਪੀਰ" ਪ੍ਰਗਟ ਕਰ ਦਿਤਾ।

ਜੱਗ ਦੀ ਭੇਡ ਚਾਲ ਹੁੰਦੀ ਹੈ। ਇਕ ਤੋਂ ਦੂਜੇ ਅਤੇ ਦੂਜੇ ਤੋਂ ਤੀਜੇ ਨੇ ਸੁਣ ਕੇ ਦੇਖਣ ਲਈ ਵਹੀਰਾਂ ਪਾ ਦਿਤੀਆਂ। ਜੋ ਕੁਝ ਚੜ੍ਹਾਵੇ ਵਿਚ ਫੱਲ ਫੁੱਲ ਮਿਠਾਈ ਆਵੇ, ਪ੍ਰਸ਼ਾਦ ਵੰਡ ਦੇਵੇ, ਕਿ ਲੋਕੀਂ ਇਸ ਨੂੰ ਨਿਰਲੋਭੀ ਜਾਣਨ। ਇਹ ਜਾਲ ਇਸ ਨੇ ਇਸੇ ਲਈ ਤਣਿਆ ਸੀ ਕਿ ਜਿਹੜਾ ਇਸ ਦੇ ਕਪਟ ਨੂੰ ਦਸ ਕੇ ਦਿਲ ਦੀ ਘੁੰਡੀ ਖੋਹਲ ਦੇਵੇਗਾ, ਉਸ ਉਤੇ ਇਹ ਵਿਸਵਾਸ਼ ਕਰੇਗਾ। ਪਰ ਇਸ ਤਰ੍ਹਾਂ ਕਰਨ ਨਾਲ ਭੀ ਸਫਲਤਾ ਨਾ ਹੋਈ, ਤੜਪ ਹੋਰ ਭੀ ਵਧ ਗਈ ਸੀ।

ਇਕ ਦਿਨ ਇਹ ਉਦਾਸ ਹੋਇਆ ਪਿਆ ਅੰਮ੍ਰਿਤਸਰ ਸਰੋਵਰ ਹੰਸਲੀ ਦੇ ਕੰਢੇ (ਜਿਸ ਰਾਹੀਂ ਸਰੋਵਰ ਵਿਚ ਪਾਣੀ ਆਉਂਦਾ ਹੈ) ਖਲੋਤਾ ਤੇ ਅੱਖਾਂ ਮੂੰਦ ਕੇ ਵੈਰਾਗ ਵਿਚ ਅਰਦਾਸਾ ਕਰਣ ਲੱਗਾ।

ਹੇ ਸਚੇ ਪਾਤਸ਼ਾਹ ਗੁਰੂ ਰਾਮਦਾਸ ! ਪੂਰਨ ਕਰੋ ਆਸ। "ਬਿਰਥਾ ਕਦੇ ਨ ਹੋਵਈ ਜਨ ਕੀ ਅਰਦਾਸ" ਮੇਲੋ ਕਿਸੇ ਆਪਣੇ ਨਾਲ ਮਿਲੇ ਹੋਏ ਨੂੰ ਤੇ ਦਰਸ਼ਨ ਕਰਾਵੋ ਕਿਸੇ ਐਸੇ ਮਹਾਂਪੁਰਸ਼ ਦਾ ਜੋ ਆਪ ਦੇ ਦਰਸ਼ਨ ਵਿਚ ਰਤਿਆ ਹੋਵੇ, ਤੇ ਮੈਨੂੰ ਨਿਹਾਲ ਕਰ ਦੇਵੇ।

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿੱਠੇ।
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਤ ਮਿੱਠੇ।

ਬਰਸੁ ਏਕੁ ਹਉ ਫਿਰਿਉ ਕਿਨੈ ਨਹੁ ਪਰਚਉ ਲਾਯਉ ।
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ।

(ਸੂਯੈ ਭੱਟ ਭਿਖਾ ਜੀ)

ਹੇ ਸੋਢੀ ਸੁਲਤਾਨ, ਕਰੋ ਮੁਸ਼ਕਲ ਆਸਾਨ । ਉਕਤ ਸ਼ਬਦ ਵਕਤਾ ਭੱਟ ਭਿਖੇ ਵਾਂਗੂੰ ਮੈਨੂੰ ਵੀ ਭਟਕਨ ਵਿਚ ਕੋਈ ਕਸਰ ਨਹੀਂ ਰਹੀ । ਮੈਨੂੰ ਉਹੀ 'ਉਚੀ ਨਜ਼ਰ ਸਰਾਫੀ' ਬਖਸ਼ੋ, ਜੋ ਤੇਰੇ ਕਿਸੇ ਗੁੱਝੇ ਹੀਰੇ ਨੂੰ ਪਰਖ ਲਵਾਂ ਜਾਂ ਕੋਈ ਐਸਾ ਵਪਾਰੀ ਭੇਜੋ, ਜੋ ਮੈਨੂੰ "ਮੈਂ ਮੇਰੀ" ਸਮੇਤ ਖਰੀਦ ਲਵੇ ।

ਮਿਹਰ ਕਰੇ ਤਾ ਖਸਮੁ ਧਿਆਈ । ਸੰਤਾ ਸੰਗਤਿ ਨਰਕਿ ਨ ਪਾਂਈ,
ਅੰਮ੍ਰਿਤ ਨਾਮੁ ਦਾਨੁ ਨਾਨਕ ਕਉ ਗੁਣ ਗੀਤਾ ਨਿਤ ਵਖਾਣੀਆ ।

ਅਰਦਾਸੇ ਤੋਂ ਉਪਰੰਤ ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦਿਆਂ "ਹਰੀ ਮੰਦਰ" ਜੀ ਵੱਲ ਇਸ ਨੇ ਸੱਜਲ ਨੇਤ੍ਰੀਂ ਨਿਮਸਕਾਰ ਕੀਤੀ । ਮਸਤਕ ਮਾਨੋ ਸੰਗਮਰਮਰ ਦੀ ਪੌੜੀ ਉਤੇ ਹੀ ਚਿਮਟ ਗਿਆ ਤੇ ਦਿਲ ਰਾਹੀਂ ਆਪਣੇ ਦਿਲ ਦੀ ਪੀੜਾ ਨੂੰ 'ਗੁਰੂ ਦਰਬਾਰ' ਵਿਚ ਦਸ ਦਿਤਾ । ਇਸ ਵੇਗ ਦੀ ਅਵਸਥਾ ਨੂੰ ਦੁਨੀਆਂਦਾਰ ਨਹੀਂ ਜਾਣ ਸਕਦੇ । ਇਹ ਖਿਣ ਜਿਸ ਉਤੇ ਵਾਪਰੀ ਹੋਵੇ ਉਹੀ ਇਸ ਪੀੜਾ ਦਾ ਜਾਣੂ ਹੋ ਸਕਦਾ ਹੈ, ਇਸ ਰਾਮ ਵਿਯੋਗੀ ਨੇ ਜਦੋਂ ਨੈਣਾਂ ਦੇ ਜਲ ਨਾਲ ਸਰੋਵਰ ਦੇ ਪੱਥਰ ਨੂੰ ਧੋ ਦਿਤਾ ਸੀ ਖੜਾ ਹੋਇਆ, ਤਾਂ ਹੰਸਲੀ ਦੇ ਦੂਜੇ ਕੰਢੇ ਮਸਤਾਨੀ ਦਸ਼ਾ ਵਿਚ ਰੱਬੀ ਨੂਰ ਨਾਲ ਭਰਪੂਰ ਇਕ ਸੋਹਣਾ ਜਵਾਨ ਦਿਸਿਆ । ਪਲ ਵਿਚ ਬਿਜਲੀ ਦੀ ਤਰ੍ਹਾਂ ਅੰਦਰ ਇਕ ਰੌ ਜੇਹੀ ਪ੍ਰਤੀਤ ਹੋਈ । ਇਹਦਾ ਸਰੀਰ ਪਸੀਨਾ-ਪਸੀਨਾ ਹੋ ਗਿਆ । ਦੋਹਾਂ ਨੇ ਇਕ ਦੂਜੇ ਦੇ ਨੇੜੇ ਹੋਣ ਲਈ ਪੈਰ ਪੁਟਿਆ, ਤਾਂ ਹਜ਼ੂਰ ਨੇ ਦੋਵੇਂ ਬਾਹਵਾਂ ਪਸਾਰ ਕੇ ਗਲਵੱਕੜੀ ਵਿਚ ਲੈ ਕੇ ਆਖਿਆ 'ਆਓ ਮੁਜਾਵਰ ਚਸ਼ਮ ਕੇ' 'ਆਓ ਮੁਜਾਵਰ ਚਸ਼ਮ ਕੇ'–ਭਾਵ–ਹੇ ਚਿਸ਼ਮੇ ਦੇ ਮੁਜਾਵਰ, ਆਓ–ਨੇੜੇ ਆਓ ! ਇਹ ਬਚਨ ਸੁਣੇ ਤਾਂ ਰੋਂਗਟੇ ਖੜੇ ਹੋ ਗਏ । ਬੱਸ ਫੇਰ ਕੀ ਸੀ ? ਚਿਰਾਂ ਦੀ ਆਸ ਪੂਰੀ ਹੋ ਗਈ, ਤੇ ਹੰਝੂਆਂ ਨਾਲ ਬਾਬਾ ਜੀ ਦੇ ਚਰਨ ਧੋ ਕੇ ਬੇਨਤੀ ਕੀਤੀ–

ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ ?

ਉਤਰ ਮਿਲਿਆ–

ਨਾਨਕ ਇਕੁ ਸ੍ਰੀ ਧਰ ਨਾਥੁ ਜਿ ਟੂਟੇ ਲੇਇ ਸਾਂਠਿ ।

ਫੇਰ ਅਰਜ਼ ਕੀਤੀ–ਮਹਾਰਾਜ ਜੀਉ ! ਇਹ ਮਨ ਦਿਨੇ ਰਾਤ ਹਰਨ ਦੀ ਤਰ੍ਹਾਂ ਭਟਕਦਾ ਹੋਇਆ ਇਕ ਪਲ ਵੀ ਟਿਕਾਉ ਵਿਚ ਨਹੀਂ ਆਉਂਦਾ, ਤੇ ਨਾ ਹੀ ਨਾਮ ਵਿਚ ਜੁੜਦਾ ਹੈ । ਇਹਨੂੰ ਕਿਸ ਤਰੀਕੇ ਨਾਲ ਵਸੀਕਾਰ ਕਰੀਏ ।

ਬਾਬਾ ਜੀ ਨੇ ਫੁਰਮਾਇਆ–ਸੱਜਣ ਪੁਰਸ਼ਾ ! ਮਨ ਦੇ ਮਾਰਨ ਦਾ ਉਪਾਉ ਸਤਿਗੁਰਾਂ ਦੀ ਬਾਣੀ ਵਿਚ ਖੋਹਲ ਕੇ ਦਸਿਆ ਹੈ । ਪਰ ਘਰ ਹੋਂਦੀ ਵਸਤੂ ਨੂੰ ਕੋਈ ਲੱਭ ਨ ਸਕੇ, ਤਾਂ ਦੋਸ਼ ਕਿਸ ਦਾ ? ਗੁਰਵਾਕ ਹਨ–'ਮਨ ਸ਼ਬਦ ਮਰੇ ਧਾਤ ਮਰ ਜਾਏ'–ਭਾਵ–ਇਹ ਮਨ ਸ਼ਬਦ (ਨਾਮ) ਦੇ ਅਭਿਆਸ ਨਾਲ ਹੀ ਥੱਕ ਸਕਦਾ ਹੈ, ਅਥਵਾ ਮਰ ਸਕਦਾ ਹੈ । ਨਾਲ ਹੀ ਇਸ ਦੀ ਹਉਮੈ ਰੂਪੀ "ਧਾਤ" ਵੀ ਮਰ ਜਾਂਦੀ ਹੈ, ਤੇ ਚੰਚਲਤਾ ਮਿਟ ਜਾਂਦੀ ਹੈ । ਤਾਂ ਤੇ ਪਹਿਲੇ ਇਸ ਮਨ ਦੀ ਬਾਹਿਰ-ਮੁਖਤਾ ਨੂੰ ਤਿਆਗ ਕੇ ਅੰਤਰ ਆਤਮੇ 'ਵਾਹਿਗੁਰੂ' ਮੰਤਰ ਦਾ ਅਭਿਆਸ ਦ੍ਰਿੜ ਕਰੋ । ਜਿਸ ਨਾਲ ਮਨ ਤੇ ਬੋਝਾ ਪਵੇ, ਅਤੇ ਥੱਕ ਕੇ ਟਿੱਕ ਜਾਇ । ਸਤਿਗੁਰਾਂ ਦਾ ਵੀ ਵਾਕ ਹੈ–

ਮਨ ਖੁਟਹਰ ਤੇਰਾ ਨਹੀ ਬਿਸਾਸੁ, ਤੂੰ ਮਹਾ ਉਦਮਾਦਾ।
ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ।
ਪੁਨਾ : ਬਾਰੰਬਾਰ ਬਾਰ ਪ੍ਰਭੁ ਜਪੀਐ।
ਪੀ ਅੰਮ੍ਰਿਤ ਇਹ ਮਨੁ ਤਨੁ ਧ੍ਰਪੀਐ। (ਸੁਖਮਨੀ ਸਾਹਿਬ)

ਦੇਖੋ ਕਿੰਨੀ ਤਾਕੀਦ ਹੈ ! ਨਾਮ ਰੂਪੀ ਬੀਜ, ਚਿੱਤ ਰੂਪੀ ਧਰਤੀ ਵਿਚ ਬੀਜ ਕੇ ਜੇਕਰ ਸ਼ੁੱਭ ਵਾਸ਼ਨਾਂ ਦਾ ਹੱਲ ਚਲਾਇਆ ਜਾਵੇ, ਸ਼ੁਭ ਕਾਰ ਦਾ ਨਿੱਤ ਚਾਉ ਚੜ੍ਹੇ, ਇਹ ਕਿਆਰੇ ਕਰੀਏ। ਕੋਮਲਤਾ ਸ਼ਾਂਤ ਸੁਭਾਉ, ਦਇਆ ਧਰਮ ਦੀ ਕਿਰਤ ਦਾ ਪਾਣੀ ਸਿੰਚਨ ਕਰੀਏ। ਸਤਿ ਸੰਗਤ ਵਿਚ ਵਸੀਏ, ਇਹ ਵਾੜ ਦੇ ਕੇ ਨਿਤ ਦੇ ਅਭਿਆਸ ਨਾਲ ਇਹੋ ਜਿਹੀ ਖੇਤੀ ਜਮਾਈ ਜਾਵੇ, ਤਾਂ ਪ੍ਰਸੰਨ ਚਿੱਤ ਇਸ ਦੇ ਅੰਮ੍ਰਿਤ ਫਲ ਨੂੰ ਖਾ ਕੇ ਭਟਕਣਾਂ ਦੀ ਭੁੱਖ ਮਿਟਾਂਦੇ ਹੋਏ ਸ਼ਾਂਤ ਪ੍ਰਾਪਤਿ ਕੀਤੀ ਜਾ ਸਕਦੀ ਹੈ। ਨਿਰੇ ਗੱਲਾਂ ਕਰਨ ਨਾਲ ਕੁਝ ਨਹੀਂ ਬਣਦਾ।

ਇਸ ਪ੍ਰਕਾਰ ਦਾ ਉਪਦੇਸ਼ ਸੁਣ ਕੇ ਪ੍ਰੇਮੀ ਨਿਹਾਲ ਹੋਇਆ ਤੇ ਸਦਾ ਲਈ ਬੇ-ਖਰੀਦ ਬੰਦਾ ਬਣ ਕੇ ਬਾਬਾ ਜੀ ਦੀ ਹਜ਼ੂਰੀ ਵਿਚ ਰਹਿਣ ਲੱਗਾ।

## ਮੁੜ ਬਾੜੀਏ ਆਏ ਤੇ ਸਾਹਿਬਜ਼ਾਦੇ ਦਾ ਜਨਮ ਹੋਇਆ

ਉਦਾਸੀਨ ਬ੍ਰਿਤੀ ਵਿਚ ਰਹਿੰਦਿਆਂ ਆਪ ਨੂੰ ਦੋ ਢਾਈ ਸਾਲ ਹੋਣ ਲਗੇ ਸਨ। ਜਿਤਨਾ ਚਿਰ ਲੋਕੀ ਆਪ ਨੂੰ ਬਾਵਰਾ, ਮਸਤਾਨਾ ਜਾਣਦੇ ਰਹੇ ਆਪ ਇਸੇ ਦਸ਼ਾ ਵਿਚ ਪ੍ਰਸੰਨ ਰਹੇ। ਪਰ ਜਿਉਂ ਜਿਉਂ ਲੋਕੀਂ ਆਪ ਦੇ ਗੁਝੇ ਭੇਤਾਂ ਤੋਂ ਜਾਣੂ ਹੋਣ ਲਗੇ, ਤਿਉਂ ੨ ਆਪ ਦੇ ਪਾਸ ਭੀੜ ਭਾੜ ਬਣੀ ਰਹਿੰਦੀ, ਜੋ ਦਿਲੋਂ ਆਪ ਨੂੰ ਪਸੰਦ ਨਹੀਂ ਸੀ। ਆਪ ਨੇ ਅਕਾਲ ਬੁੰਗੇ ਅਰਦਾਸਾ ਸੋਧਿਆ ਅਤੇ ਫੇਰ ਪਹਾੜ ਵੱਲ ਚਾਲੇ ਪਾ ਦਿਤੇ। ਰਾਹ ਵਿਚ ਗੁਪਤ ਪ੍ਰਗਟ ਵਿਚਰਦੇ ਹੋਏ ਬਾੜੀਏ ਆਣ ਪੁਜੇ, ਪ੍ਰਵਾਰ ਵਿਚ ਬੇਅੰਤ ਖੁਸ਼ੀ ਹੋਈ, ਮਾਤਾ ਜੀ ਨੇ ਸਿਰ ਵਾਰਨੇ ਕੀਤੇ, ਗਰੀਬਾਂ ਨੂੰ ਦਾਨ ਦਿਤਾ ਤੇ ਉਨ੍ਹਾਂ ਦੀ ਅਸੀਸ ਪਾਂਦੇ ਰਹੇ।

ਬਾੜੀਏ ਆ ਕੇ ਵੀ ਆਪ ਜੀ ਦਾ ਉਹੀ ਨਿਯਮ, ਅੰਮ੍ਰਿਤ ਵੇਲੇ ਦਾ ਜਾਗਣਾ, ਇਸ਼ਨਾਨ ਕਰਨਾ ਤੇ ਸਮਾਧੀ ਵਿਚ ਬੈਠੇ ਰਹਿਣਾ, ਦਿਨ ਚੜ੍ਹੇ ਸੰਗਤ ਵਿਚ ਗੁਰਦਵਾਰੇ ਜਾਣਾ, ਫਿਰ ਪ੍ਰਸ਼ਾਦਾ ਛਕਣਾ ਤੇ ਅਰਾਮ ਕਰਨਾ। ਤੀਜੇ ਪਹਿਰ ਇਕਾਂਤ ਬੈਠਣਾ ਅਤੇ ਸੋਦਰ ਸਮੇਂ ਡੇਰੇ ਆ ਕੇ ਰਹਿਰਾਸ ਸਾਹਿਬ ਦਾ ਪਾਠ ਕਰਨਾ ਅਥਵਾ ਸੁਣਨਾ, ਅਤੇ ਰਾਤੀਂ ਕੀਰਤਨ ਸੋਹਲੇ ਦਾ ਪਾਠ ਕਰਨਾ ਹੁੰਦਾ।

ਘਰ ਆਇ ਹੋਇਆਂ ਆਪ ਨੂੰ ਸਾਲ ਤੋਂ ਵਧੀਕ ਹੋਣ ਲੱਗਾ ਸੀ। ਅਕਾਲ ਪੁਰਖ ਨੇ ਮਿਹਰ ਕੀਤੀ, ਆਪ ਦੇ ਗ੍ਰਿਹ ਸਾਹਿਬਜ਼ਾਦੇ ਦੀ ਦਾਤ ਬਖਸ਼ੀ। ਸਾਰੇ ਪ੍ਰਵਾਰ ਵਿਚ ਅਨੰਦ ਮੰਗਲਾਚਾਰ ਹੋਏ। ਵਡੀ ਮਾਤਾ 'ਸਰੂਪਾਂ ਦੇਵੀ' ਜੀ ਨੇ ਅੰਨ, ਬਸਤਰ ਤੇ ਨਕਦੀ ਆਦਿ ਦਾ ਗਰੀਬਾਂ ਤਾਈਂ ਦਾਨ ਬਖਸ਼ਿਆ। ਫੇਰ ਕੁਲ ਰੀਤੀ ਅਨੁਸਾਰ ਤੇਰ੍ਹਵੇਂ ਦਿਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸ਼ਬਦ ਦੇ ਅਧਾਰ ਤੇ ਸਾਹਿਬਜ਼ਾਦੇ ਦਾ ਨਾਮ 'ਬਿਸ਼ਨ ਸਿੰਘ', ਰਖਿਆ।

## ਊਨਾ ਵਿਚ ਆਉਣਾ ਤੇ ਸੰਤਾਂ ਦੀ ਸੇਵਾ

ਟਿੱਕਾ ਬਿਸ਼ਨ ਸਿੰਘ ਜੀ ਦੇ ਜਨਮਿਆਂ ੪੦ ਦਿਨ ਹੋਏ ਸਨ, ਆਪ ਨੇ ਸਾਰੇ ਪ੍ਰਵਾਰ ਸਣੇ ਊਨੇ ਪੁਜ ਕੇ ਖੁਸ਼ੀ ਵਿਚ ਬਾਬਾ ਕਲਾਧਾਰੀ ਜੀ ਦੇ ਦਰਬਾਰ ਪ੍ਰਸ਼ਾਦ ਚੜ੍ਹਾਇਆ ਤੇ ਸਾਹਿਜ਼ਾਦੇ ਨੂੰ ਮੱਥਾ ਟਿਕਾ ਕੇ ਇਸ ਦੀ ਬ੍ਰਿਧੀ

ਆਯੂ ਅਤੇ ਦੇਹ ਅਰੋਗਤਾ ਲਈ ਅਰਦਾਸਾ ਕਰਾਇਆ।

ਇਕ ਦਿਨ ਸੰਧਿਆ ਦਾ ਵੇਲਾ ਸੀ ਤਾਂ 'ਨਾਨਕ ਪੰਥੀ ਉਦਾਸੀ' ਸੰਤਾਂ ਦੀ ਇਕ ਮੰਡਲੀ ਆਈ। ਜੋ ਸਰਦੀ ਨਾਲ ਠਰੇ ਹੋਏ ਤੇ ਭੁੱਖ ਨਾਲ ਪੀੜਤ ਸਨ, ਰਾਤ ਬਿਸਰਾਮ ਲਈ ਇਨ੍ਹਾਂ ਨੇ ਕੋਈ ਥਾਂ ਲਭਣੀ ਸ਼ੁਰੂ ਕੀਤੀ। ਵੇਲਾ ਕੁਵੇਲਾ ਹੋ ਚੁਕਾ ਸੀ ਤੇ ਲੋਕੀਂ ਰੋਟੀ ਖਾ ਕੇ ਸੌਣ ਲਈ ਦਰਵਾਜ਼ੇ ਬੰਦ ਕਰ ਰਹੇ ਸਨ। ਥਕੇਵੇਂ ਤੇ ਠੰਢ ਨਾਲ ਠਰੇ ਹੋਇਆਂ ਸੰਤਾਂ ਨੂੰ ਰਾਤ ਬਿਤਾਉਣ ਲਈ ਕੋਈ ਪ੍ਰਬੰਧ ਨ ਹੋ ਸਕਿਆ। ਇਹ ਕਲਪਦੇ ਹੋਏ ਪਿੰਡ ਤੋਂ ਬਾਹਰ ਚਲੇ ਗਏ। ਬਾਬਾ ਜੀ ਨੂੰ ਪਤਾ ਲਗਾ ਤਾਂ ਇਹ ਗੱਲ ਅਯੋਗ ਜਾਣਦੇ ਹੋਇਆਂ ਨੇ ਬੜੀ ਨਿਮ੍ਰਤਾ ਨਾਲ ਮਹਾਤਮਾਂ ਨੂੰ ਮੋੜ ਲਿਆਂਦਾ। ਆਪਣੇ ਘਰ ਨਿਵਾਸ ਦਿਤਾ ਤੇ ਬੇਨਤੀ ਕੀਤੀ—ਮਹਾਰਾਜ! ਇਹ ਗ੍ਰਿਹ ਆਪ ਜੈਸੇ ਮਹਾਂਪੁਰਸ਼ਾਂ ਦੇ ਬਿਸਰਾਮ ਲਈ ਹੀ ਤਾਂ ਹੈ। ਆਪ ਨੂੰ ਪਹਿਲੇ ਹੀ ਇਥੇ ਆ ਜਾਣਾ ਚਾਹੀਦਾ ਸੀ।

ਇਸ ਤਰ੍ਹਾਂ ਦੇ ਸਨਿਮਰ ਬਚਨਾਂ ਦਵਾਰੇ ਬਾਬਾ ਜੀ ਨੇ ਸੰਤਾਂ ਦਾ ਮਨ ਜਿੱਤਣਾ ਕੀਤਾ, ਐਸੇ ਪਿਆਰ ਨਾਲ ਉਨ੍ਹਾਂ ਨੂੰ ਢਾਰਸ ਬੰਧਾਈ, ਫੇਰ ਲੰਗਰ ਤਿਆਰੀ ਲਈ ਮਾਤਾ ਜੀਨੂੰ ਆਖਿਆ। ਉਹਨਾਂ ਨੇ ਕਿਹਾ ਹੋਰ ਤਾਂ ਸਭ ਕੁਛ ਰਸੋਈ ਵਿਚ ਬਹੁਤ ਹੈ, ਪਰ ਸੁੱਕੀ ਲੱਕੜ ਅੱਜ ਤੋਂ ਮੁੱਕੀ ਹੈ, ਤੇ ਵੇਲਾ ਵੀ ਕੁਵੇਲਾ ਹੈ, ਕੀ ਕੀਤਾ ਜਾਵੇ ? ਤਾਂ ਬਾਬਾ ਜੀ ਹੱਸ ਪਏ। ਆਖਿਆ—ਇਸ ਗਲ ਦਾ ਫਿਕਰ ਨ ਕਰੀਏ ! ਸੇਵਾ ਦਾ 'ਐਸਾ ਸਮਾਂ ਫੇਰ ਨ ਮਿਲੇਗਾ।' ਇਉਂ ਆਖ ਕੇ ਛੇਤੀ ਨਾਲ ਉਠੇ ਤੇ ਕੁਹਾੜਾ ਲੈ ਕੇ ਸਾਰੇ ਭਿੱਤ (ਬਾਰ) ਚੀਰ ਸੁੱਟੇ, ਕੁਝ ਲੱਕੜਾਂ ਰਸੋਈ ਵਿਚ ਲੰਗਰ ਤਿਆਰੀ ਲਈ ਜਾ ਧਰੀਆਂ ਤੇ ਕੁਝ ਦਾ ਅੰਗੀਠਾ ਮਚਾ ਕੇ ਸੰਤਾਂ ਅਗੇ ਰਖਿਆ, ਕਿ ਉਹ ਭਿਜੇ ਹੋਏ ਬਸਤਰ ਸੁਕਾ ਲੈਣ, ਤੇ ਸਰਦੀ ਵੀ ਦੂਰ ਕਰਨ। ਇਸ ਸੇਵਾ ਤੇ ਪਿਆਰ ਉਤਸ਼ਾਹ ਨੂੰ ਦੇਖ ਕੇ ਮਹਾਤਮਾਂ ਬਹੁਤ ਪ੍ਰਸੰਨ ਹੋਏ, ਪ੍ਰਸ਼ਾਦ ਵੀ ਰਜ ਕੇ ਛਕਿਆ ਤੇ ਅਰਾਮ ਨਾਲ ਸੁਤੇ।

ਅੰਮ੍ਰਿਤ ਵੇਲਾ ਹੋਇਆ, ਇਸ ਮੰਡਲੀ ਨੇ ਅਸੀਸਾਂ ਦੇਂਦੇ ਹੋਏ ਚਾਲੇ ਪਾ ਦਿਤੇ। ਮਾਤਾ ਜੀ ਨੇ ਆਖਿਆ—ਪੁਤਰ ! ਰਾਤ ਨੂੰ ਇਹ ਕੀ ਕੀਤਾ ? ਸਾਰੇ ਕਿਵਾੜ ਤੋੜ ਸੁੱਟੇ। ਤਾਂ ਫੁਰਮਾਇਆ—ਕਿਵਾੜ ਫਿਰ ਲੱਗ ਜਾਣਗੇ, ਪਰ ਇਹ ਵੇਲਾ ਹੱਥ ਨਹੀਂ ਸੀ ਆਉਣਾ। ਤੁਸੀਂ ਰੋਜ਼ ਸੁਖਮਨੀ ਸਾਹਿਬ ਦਾ ਪਾਠ ਕਰਦੇ ਹੋ :

"ਸਾਧ ਸੇਵਾ ਵਡ ਭਾਗੀ ਪਾਈਐ।
ਸਾਧ ਕੀ ਸੇਵਾ ਨਾਮ ਧਿਆਈਐ।"

## ਗੁਰਦਿਆਲ ਸਿੰਘ ਨੂੰ ਨਿਹਾਲ ਕੀਤਾ

ਗੁਰਦਿਆਲ ਸਿੰਘ ਜਿਹੜਾ ਕਿ ਪਿਤਾ ਬਾਬਾ ਅਜੀਤ ਸਿੰਘ ਜੀ ਦੇ ਨਾਲ ਤੀਰਥ ਯਾਤਰਾ ਵੇਲੇ ਗਿਆ ਸੀ, ਤੇ ਉਨ੍ਹਾਂ ਦੇ "ਕਲਕੱਤੇ" ਵਿਚ ਸਰੀਰ ਛੱਡ ਦੇਣ ਮਗਰੋਂ ਹਜ਼ੂਰ ਦੀ ਸੇਵਾ ਵਿਚ ਹੀ ਆ ਰਿਹਾ ਸੀ। ਇਹ ਹਜ਼ੂਰ ਨੂੰ ਨਿਤ ਇਸ਼ਨਾਨ ਕਰਾਂਦਾ, ਬਸਤਰ ਧੋਂਦਾ, ਪ੍ਰਸ਼ਾਦ ਛਕਾਂਦਾ ਤੇ ਗਰਮੀਆਂ ਸਰਦੀਆਂ ਵਿਚ ਲੋੜ ਸਮੇਂ ਹਰ ਤਰ੍ਹਾਂ ਦੀ ਸੇਵਾ ਕਰਿਆ ਕਰਦਾ ਸੀ। ਵਾਧੂ ਸਮੇਂ ਵਿਚ ਇਹ ਆਏ ਗਏ ਸਿੱਖ ਸਾਧ ਦੀ ਸੇਵਾ ਵੀ ਨਿਰਮਾਨ ਹੋ ਕੇ ਨਿਭਾਉਂਦਾ ਹੁੰਦਾ, ਇਸ ਤਰ੍ਹਾਂ ਦੀ ਸੇਵਾ ਨਾਲ ਇਸ ਦਾ ਮਨ ਅਤੀ ਨਿਰਮਲ ਹੋ ਚੁੱਕਾ ਸੀ।

"ਪ੍ਰਭ ਘਾਲਿਆ ਕਿਸੇ ਦਾ ਇਕ ਤਿਲ ਨ ਗਵਾਇ"।

(ਚਲਦਾ)

# ਪੁਰਾਤਨ ਜਨਮ ਸਾਖੀ

[ਕਰਤਾ ਬਾਬਾ ਮੇਹਰਬਾਨ ਜੀ ਸੋਢੀ, ਵਿਚੋਂ]

(ਪਿਛੋਂ ਤੋਂ ਅਗੇ)

## ਪਾਖੰਡ ਖੰਡਣ

ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਗੰਗਾ ਦੇ ਯਾਤਰੂਆਂ ਨਾਲ)

ਤਬ ਮਰਦਾਨੇ ਕੀ ਬੇਨਤੀ ਸੁਣਿ ਕਰਿ ਗੁਰੂ ਬਾਬਾ ਨਾਨਕੁ ਗੰਗਾ ਤੀਰਥ ਕੇ ਉਪਰਿ ਬੈਠਾ ਥਾ। ਅਗੈ ਪੁਰਬ ਲਗਾ ਹੈ ਵੈਸਾਖੀ ਕਾ, ਲੋਕ ਬਹੁਤ ਚਾਰਿ ਕੁੰਟ ਕਾ ਜੁੜਿਆ ਹੈ। ਉਹਾਂ ਹੀ ਬਾਬਾ ਜੀ ਜਾਇ ਬੈਠਾ ਗੰਗਾ ਕੇ ਉਪਕੰਠੇ। ਤਬ ਮੇਲਾ ਬਹੁਤ ਹੋਆ, ਲੋਕ ਇਸਨਾਨੁ ਕਰਤੇ ਹੈ, ਪਣੁ ਥਾਂਇ ਕਿਸੀ ਕਾ ਨਾਹੀ ਪੜਤਾ। ਗੁਰੂ ਬਾਬੇ ਕਉ ਦਿਬ ਦਿਸਟਿ, ਲੋਕਾਂ ਕਉ ਚੰਮ ਦਿਸਟਿ। ਲੋਕ ਇਸਨਾਨੁ ਕਰਿ ਕਰਿ ਲਾਗੇ ਸੂਰਜ ਕੀ ਕੁੰਟ ਪਾਣੀ ਦੇਣੈ। ਤਬ ਗੁਰੂ ਬਾਬਾ ਨਾਨਕੁ ਵੀ ਲਾਗਾ ਇਸਨਾਨੁ ਕਰਣੇ। ਲੋਕ ਦੇਤੇ ਥੇ ਸੂਰਜ ਕੀ ਕੁੰਟ ਕੀ ਤਰਫ ਪਾਨੀ, ਗੁਰੂ ਬਾਬਾ ਲਾਗਾ ਪਛਮ ਕੀ ਤਰਫ ਪਾਣੀ ਦੇਣੈ। ਤਬ ਉਨਹੁ ਲੋਕਹੁ ਕਹਿਆ ਜਿ, "ਏ ਰਾਮ ! ਏਹਿ ਜਿ ਪਛਮ ਕੀ ਤਰਫ ਪਾਣੀ ਦੇਤਾ ਹੈ ਸਿ ਕਵਣੁ ਹੈ ?" ਕਿਨਹੂ ਕਹਿਆ ਜਿ, "ਕੋਈ ਦਿਵਾਨਾ ਹੈ, ਅਕੈ ਕੋਈ ਤੁਰਕੁ ਹੈ"। ਤਬ ਉਨਹੁ ਕਹਿਆ, "ਦਿਖਾ ਪੂਛੀਐ ਜਿ ਤੂ ਕਉਣੁ ਹੈ"। ਤਬ ਉਨਹੁ ਲੋਕਹੁ ਕਹਿਆ, "ਰੇ ਭਾਈ, ਬੀਰ, ਰਾਮ ਕੇ ! ਤੂ ਇਸ ਕਉ ਪੂਛੁ ਜਿ ਤੇਰੀ ਮਤਿ ਕਿਆ ਹੈ, ਜਿ ਤੂ ਪਛਮ ਕੀ ਤਰਫ ਕਿਸੁ ਕਉ ਪਾਣੀ ਦੇਤਾ ਹੈ ?" ਕਹੈ, "ਜੀ, ਤੁਮਿ ਜਿ ਸੂਰਜ ਕੀ ਕੁੰਟ ਪਾਣੀ ਦੇਤੇ ਹਉ ਸੋ ਕਿਸੁ ਕਉ ਦੇਤੇ ਹਉ ?" ਤਬ ਉਨਹੁ ਕਹਿਆ ਜਿ, "ਹਮਿ ਪਿਤਰੀਂ ਕਉ ਦੇਤੇ ਹੈ ਪਾਣੀ"। ਤਬ ਗੁਰੂ ਬਾਬੇ ਨਾਨਕੁ ਜੀ ਕਹਿਆ ਜਿ, "ਤੁਮਰੀਆਂ ਪਿਤਰੀ ਕਹਾਂ ਹੈ ?" ਕਹੈ, "ਜੀ, ਦੇਵ ਲੋਕ ਹੈਂ"। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਦੇਵ ਲੋਕੁ ਈਹਾਂ ਤੇ ਕਿਤਨਾ ਕੁ ਹੈ ?" ਕਹੈ, "ਜੀ, ਦੇਵ ਲੋਕੁ ਉਣਵੰਜਹ ਕਰੋੜੀ ਹੈ ਈਹਾਂ ਤੇ, ਹਮ ਊਹਾਂ ਕਉ ਪਾਣੀ ਦੇਤੇ ਹੈਂ"। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਈਹਾਂ ਕਾ ਦੀਆ ਪਾਣੀ ਊਹਾਂ ਪਹੁਚਤਾ ਹੈ ?" ਕਹੈ, "ਜੀ, ਪਹੁਚਤਾ ਹੈ"। ਕਹੈ, "ਜੀ ਸਹੀ ?" ਕਹੈ, "ਜੀ ਸਹੀ"। ਕਹੈ, "ਜੀ, (ਤੂ) ਪੱਛਮ ਕੀ ਤਰਫ ਪਾਨੀ ਦੇਤਾ ਹੈ ਸੋ ਕਿਸ ਨਿਮਤਿ ਦੇਤਾ ਹੈ ?" ਕਹੈ "ਜੀ ਮਨ ਜਿ ਦੇਤੇ ਹੈ ਜਿ ਲਹੌਰਿ ਕੈ ਨਜੀਕਿ ਹਮਰਾ ਘਰੁ ਹੈ ਅਰੁ ਖੇਤੁ ਹੈ, ਊਹਾਂ ਬਡੇ ਬਡੇ ਮੀਹ ਪੜਿ ਰਹੇ ਹੈ, ਪਣੁ ਓਤੁ ਮੇਰੈ ਖੇਤਿ ਮੀਹੁ ਕਦੇ ਨਾਹੀ ਪੜਿਆ, ਮੈ ਉਸੁ ਖੇਤੁ ਕਉ ਪਾਣੀ ਦੇਤਾ ਹਉ"। ਤਬ ਉਇ ਲੋਕ ਹਸ ਪੜੇ ਜਿ, "ਕੋਈ ਏਹੁ ਹੈ ਸਿ ਬਾਵਲਾ ਹੈ"। ਕਹੈ, "ਦਯ ਕੇ ਸਵਾਰੇ ! ਕਿਥਾਊ ਲਹੌਰ ਕੀ ਧਰਤੀ ਭੀ ਈਹਾਂ ਕਾ ਪਾਣੀ ਜਾਤਾ ਹੈ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਉਣਵੰਜਾ ਕਰੋੜੀ ਦੇਵਲੋਕ ਜਾਇਗਾ ਅਰੁ ਲਾਹੌਰ ਕੀ ਧਰਤੀ ਨਾ ਜਾਇਗਾ ? ਈਹਾਂ ਤੇ ਧਰਤੀ ਉਪਰਿ ਰਿੜਾਇਆ ਅਰੁ ਗੈਆ। ਉਪਰਿ ਦੇਵਿ ਲੋਕ ਕਿਉ ਕਰਿ ਜਾਇਗਾ ਜਾ ਲਹੌਰ ਕੀ ਧਰਤੀ ਨਾ ਜਾਸੀਓ ? ਦਿਖਾ ਲਹੌਰ ਤਉ ਈਹਾ ਤੇ ਨਵੇ ਵੀਹਾਂ ਕੋਹਾਂ ਦੀਆਂ ਹੈ, ਈਹਾਂ ਕਿਉ ਨ ਜਾਇਗਾ। ਇਕਾ ਏਹੁ ਸੀਰੰਦਿ ਲੰਘਣੀ ਹੈ, ਪਰੈ ਆਪੈ ਜਾਇ ਪੜੈਗਾ"। ਤਬ ਓਹਿ ਲੋਕ ਸਮਝਿ ਗਏ ਜਿ 'ਏਹੁ ਬਾਵਰਾ ਕੋਈ ਨਾਹੀ, ਏਹੁ ਜਿ ਕੋਈ ਹੈ ਸਿ ਮਹਾ ਪੁਰਖੁ ਹੈਂ। ਤਬ ਨਾਵਿ ਕਰਿ ਬਾਹਰਿ ਨਿਕਲੇ, ਲਗੇ ਤਰਪਨੁ ਨੇਮੁ ਕਰਣੇ, ਗਾਇਤ੍ਰੀ ਲਗੇ ਉਚਰਣੇ, ਧਿਆਨੁ ਲਗਾਇ ਕੇ ਲਗੇ ਮੰਤ੍ਰ ਪੜਣੇ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਹਾਇ ਹਾਇ ! ਨਰਕ ਨ ਜਾਹੁ, ਹਾਇ ਹਾਇ ! ਨਰਕਿ ਨ ਜਾਹੁ"। ਤਬ ਉਨਹੁ ਕਹਿਆ ਗੁਰੂ ਬਾਬੇ ਨਾਨਕ ਕਉ ਜਿ, "ਕਿਉ ਜੀ,

ਪਰਮੇਸੁਰ ਕਾ ਨਾਮੁ ਲੇਤੇ ਨਰਕਿ ਜਾਹਿਗੇ ?" ਤਬ ਬਾਬੇ ਨਾਨਕ ਜੀ ਕਹਿਆ ਜਿ, "ਰੇ ਬਾਬਾ ! ਤੁਮਿ ਜਿ ਪਰਮੇਸੁਰ ਕਾ ਨਾਮੁ ਜਪਤੇ ਹੋਵਹੁ ਤਉ ਨਰਕਿ ਨ ਜਾਹੁ, ਜਾਂ ਤੁਮਿ ਕਿਛੁ ਹੋਰੁ ਜਪਹੁ ਤਬ ਤੁਮਿ ਬੈਕੁੰਠਿ ਕੈਸੇ ਜਾਹੁ ?" ਤਬ ਉਨਹੁ ਕਹਿਆ ਜਿ, "ਜੀ, ਗਾਇਤ੍ਰੀ ਪੜਤੇ ਹੈ, ਨਾਮੁ ਸਿਮਰਤੇ ਹੈ, ਗੁਰੂ ਕੀ ਮੂਰਤਿ ਕਾ ਧਿਆਨ ਕਰਤੇ ਹਹ"। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਹੇ ਰਾਮ ਕੇ ! ਗੁਰ ਸਾਥਿ ਤੈ ਧਿਆਨੁ ਕਦਿ ਲਗਾਇਆ ?" ਕਹੈ, "ਜੀ ਹੋਰੁ ਕਹਾਂ ਲਗਾਇਆ ਹੈ ?" ਤਬ ਬਾਬੇ ਜੀ ਕਹਿਆ ਜਿ, "ਬਚਾ ! ਕਾਬਲਿ ਤੇਲੁ ਵੇਚਦਾ ਫਿਰਦਾ ਸਹਿ। ਤੁਧੁ ਕਾਬਲਿ ਤੇਲੁ ਛਡਿ ਕਰਿ ਆਇਆ ਸਹਿ, ਫੇਰਿ ਤੇਲੁ ਤੂ ਵੇਚਣਿ ਗੈਆ ਅਰੁ ਤਕੜੀ ਲੇਈ ਕਾਬਲਿ ਵਿਚਿ ਫਿਰਨਾ ਸਹਿ ਵੇਚਦਾ"। ਤਾਂ ਓਹਿ ਖਤ੍ਰੀ ਛਡਿਦੋ ਹੀ ਮਾਲਾ, ਜਾਇ ਪੈਰੀ ਪੈਆ ਅਤੈ ਪੁਕਾਰ ਕੀਤੀਅਸੁ ਜਿ, "ਰੇ ਭਾਈ ! ਜਿਸੁ ਕਿਸੇ ਪਰਮੇਸੁਰ ਕਾ ਦਰਸਨੁ ਨਾਹੀ ਕੀਆ, ਸੋ ਆਇ ਕਰਿ ਗੁਰੂ ਬਾਬੇ ਨਾਨਕ ਜੀ ਕਾ ਦਰਸਨੁ ਕਰਹੁ ! ਰੇ ਭਾਈ ਲੋਕਹੁ ! ਸਾਵਧਾਨੁ, ਪਰਮੇਸੁਰੁ ਆਇਆ ਹੈ। ਰੇ ਭਾਈ ! ਸਾਵਧਾਨੁ ਨਾਰਾਇਣੁ ਅੰਤਰਜਾਮੀ ਜੋ ਠਾਕੁਰੁ ਕਹੀਦਾ ਥਾ ਸਿ ਗੁਰੂ ਬਾਬਾ ਨਾਨਕੁ ਹੈ"। ਤਬ ਗੁਰੂ ਬਾਬੇ ਨਾਨਕ ਜੀ ਕਹਿਆ, "ਬਸਿ ਪੁਰਖਾ ! ਥੰਮਿ ਜਾਹਿ, ਮੇਰਾ ਬਚਾ !" ਤਬ ਜਿਤਨੇ ਥੇ ਉਨਹੁ ਕਹਿਆ ਜਿ, "ਬਾਬਾ ਜੀ ਸਲਾਮਤਿ ! ਤੂ ਅਸਾਨੋ ਦੀਖਿਆ ਦੇਹਿ। ਤੂ ਪਰਮੇਸੁਰੁ ਹੈ, ਅਸੀ ਤੇਰੇ ਸਿਖ ਹੋਵਹ"। ਤਬ ਗੁਰੂ ਬਾਬੇ ਨਾਨਕ ਜੀ ਆਖਿਆ ਜੋ, "ਬਚਾ ਮੈਂ ਹੀ ਨਾਹੀ ਗੁਰੂ ਕੀਤਾ ਹਉਂ ਸਿਖੁ ਕਿਸ ਨੋ ਕਰੀ"। ਤਬ ਗੁਰੂ ਬਾਬੇ ਨੋ ਉਨੀ ਆਖਿਆ ਜਿ, "ਜੀ, ਤੂੰ ਭਾਵੈ ਸਿ ਆਖੁ, ਅਸੀ ਤੁਧ ਨੋ ਛਡਦੇ ਨਾਹੀ। ਤੂੰ ਜੀ ਅਸਾਡਾ ਗੁਰੂ ਹੈਂ, ਤੂ ਅਸਾਨੋ ਦੀਖਿਆ ਦੇਹਿ ਭਾਵੈ ਨਾ ਦੇਹਿ। ਜੀ ਤੂੰ ਅਸਾਡਾ ਗੁਰੂ ਹੈ"। ਤਬ ਗੁਰੂ ਬਾਬਾ ਓਨਾ ਨੋ ਸੰਤੋਖਣ ਲਗਾ। ਤਬ ਓਹਿ ਸਿਖ ਹੋਏ, ਗੁਰੂ ਓਨਾ ਨੋ ਲਾਗਾ ਉਪਦੇਸਣੇ।

ਤਾ ਤੋੜੀ ਪ੍ਰਸਾਦੁ ਹੋਇਆ, ਓਇ ਗੁਰੂ ਬਾਬੇ ਨਾਨਕ ਪਾਸਿ ਉਠਿ ਖੜੇ ਹੋਏ ਜਿ, "ਗੁਰੂ ਬਾਬਾ ਜੀ ਸਲਾਮਤਿ ! ਪਰਸਾਦਿ ਹੋਆ ਹੈ ਉਠੀਐ ਜੇਮੀਐ"। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਪਰਮੇਸੁਰ ਕੇ ਪਿਆਰੇ ! ਅਸੀ ਪਰਸਾਦੁ ਲੈ ਨਾਹੀ ਸਕਦੇ"। ਤਬ ਉਨਹੁ ਕਹਿਆ ਜਿ, "ਬਾਬਾ ਜੀ ਸਲਾਮਤਿ ! ਪਰਮੇਸੁਰ ਕੈ ਅਰਥਿ ਪਰਸਾਦੁ ਲੀਜੀਐ ਜੀ"। ਤਬ ਗੁਰੂ ਬਾਬਾ ਨਾਨਕੁ ਜੀ, ਜਾਂ ਉਨਾਂ ਪਰਮੇਸੁਰ ਕਾ ਅਰਥੁ ਪਾਇਆ, ਤਬ ਗੁਰੂ ਬਾਬਾ ਨਾਨਕੁ ਰਹਿ ਸਕਿਓ ਨਾਹੀ, ਜਾਇ ਚਉਕੈ ਬੈਠਾ। ਉਨੀ ਵਿਚ ਕਾਰਾਂ ਕੱਢ ਲਈਆਂ, ਤਬ ਗੁਰੂ ਬਾਬੇ ਆਖਿਆ "ਚਉਕਾ ਤਾ ਭਿਟਾ ਹੈ, ਤੁਸਾ ਕਾਰਾਂ ਕਿਉ ਕਢੀਆਂ ? ਤਬ ਉਨਾਂ ਆਖਿਆ ਜਿ, "ਨਾ ਜੀ, ਆਪਣੀ ਨਜਰਿ ਵਿਚਿ ਅੰਨੁ ਕਰਾਇਆ ਹੈ, ਭਿਟਣੈ ਨਾਹੀ ਦਿੱਤਾ । ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਨਾ ਬੱਚਾ ! ਜਿਚਰੁ ਤੁਸੀ ਨਾ ਸਹੁ ਚੜਦੇ ਚਉਕੈ ਤਿਚਰੁ ਚਉਕਾ ਸੁਚਾ ਸੀ। ਤੁਸਾ ਚੜਦਿਆ ਸਾਥਿ ਚਉਕਾ ਭਿਟਾ । ਤਬ ਗੁਰੂ ਬਾਬੇ ਨਾਨਕ ਜੀ ਕਹਿਆ, "ਬੱਚਾ ! ਤੁਸਾ ਚੜਦਿਆ ਨਾਲਿ ਨੀਚ ਚੜੇ । ਤਬ ਉਨੀ ਆਖਿਆ, "ਅਸਾ ਤਾ ਨਾ ਆਇਆ ਦਿਸਿ ਨੀਚ ਚੜਦੇ । ਤਬ ਗੁਰੂ ਬਾਬੇ ਆਖਿਆ, "ਅਜੈ ਤੁਸਾਂ ਹੀ ਨਾਲਿ ਬੈਠੇ ਹੈਨਿ, ਮੈਨੋ ਦਿਸਦੇ ਹੈਨਿ, ਤੁਸਾਂ ਨੋ ਨਾਹੀ ਦਿਸਦੇ ?" ਤਬ ਓਨੀ ਕਹਿਆ ਜਿ, "ਬਾਬਾ ਜੀ ਸਲਾਮਤਿ ! ਅਸਾਨੋ ਭੀ ਦੇਖਾਲੀਅਨਿ । ਤਬ ਗੁਰੂ ਬਾਬਾ ਨਾਨਕੁ ਜੀ ਬੋਲਿਆ ਬਾਨੀ ਸਰੀਅਤਿ ਉਪਦੇਸ਼ ਮਹਿ,ਸਲੋਕੁ ਜਿਕਰਿ ਕਰਿ ਉਨਾ ਕਉ ਸਮਝਾਇਆ ਅਰੁ ਦਿਖਾਇ ਦੇਤਾ ਹੈ, ਕਿ ਆਖਦਾ ਹੈ ?–

ਕੁਮਤਿ ਡੂਮਣੀ, ਕੁਦਇਆ ਕਸਾਇਣ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥੧॥

ਤਿਸ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਣਹੁ ਬਚਾ ! ਕੁਮਤਿ ਜਿ ਹੈ ਸੋ ਡੂਮਣੀ ਹੈ, ਤੁਸਾਡੇ ਅੰਦਰਿ

ਕੁਮਤਿ ਜਿ ਹੈ ਸਿ ਡੂਮਣੀ ਹੈ। ਏਹੁ ਨੀਚੁ ਜਾਤੁ ਤੁਸਾ ਨਾਲਿ ਬੈਠੀ ਹੈ। ਕੁਦੈਆ ਜਿ ਹੈ ਸਿ ਕਸਾਇਣਿ ਹੈ, ਏਹੁ ਕਸਾਇਣ ਭੀ ਤੁਸਾ ਨਾਲਿ ਬੈਠੀ ਹੈ। ਪਰਾਈ ਨਿੰਦਿਆ ਜਿ ਹੈ ਸਿ ਏਹੁ ਚੂਹੜੀ ਹੈ ਸਿ ਏਹੁ ਭੀ ਤੁਸਾ ਨਾਲਿ ਬੈਠੀ ਹੈ। ਕ੍ਰੋਧੁ ਜਿ ਹੈ ਸਿ ਬਡਾ ਚੰਡਾਲੁ ਹੈ ਸਿ ਏਹੁ ਭੀ ਤੁਸਾਂ ਨਾਲਿ ਬੈਠਾ। ਪੁਰਖਾ! ਜਾ ਏ ਨੀਚ ਚੜੇ ਤਾ ਚਉਕਾ ਭਿਟਾ ਕਿ ਨਾ ਭਿਟਾ? ਕਹੈ, "ਜੀ, ਭਿਟਾ।" "ਪੁਰਖਾ! ਚਉਕਾ ਸੁਚਾ ਤਾਂ ਹੋਵੈ ਜਾ ਏਹਿ ਏਸ ਦਿਅਹੁ ਅੰਦਰਹੁ ਜਾਨਿ, ਤਾ ਏਹੁ ਸੁਚਾਂ ਜੇਮੇ । ਤਬ ਗੁਰੂ ਬਾਬੇ ਆਖਿਆ ਜਿ, "ਪੁਰਖਾ! ਏਨੀ ਚੜੀ ਤੁਸਾਡਾ ਚਉਕਾ ਭਿਟਾ ਹੈ, ਪਣੁ ਸੁਚਾ ਕਿਤੁ ਕਰਿ ਹੋਵੈ? ਕਹੈ, "ਜੀ, ਕਹੀਐ ਜਿਤੁ ਕਰਿ ਕਰਿ ਸੁਚਾ ਹੋਵੈ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਬੱਚਾ!

ਸਲੋਕ

ਸਚੁ ਸੰਜਮੁ ਕਰਣੀ ਕਾਰਾਂ, ਨਾਵਣੁ ਨਾਮੁ ਜਪੇਹੀ ॥
ਨਾਨਕ ਤੇ ਨਰ ਉਤਮ ਕਹੀਐ ਜਿ ਪਾਪਾਂ ਪੰਦਿ ਨ ਦੇਹੀ ॥੨॥

ਤਿਸੁ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਪੁਰਖਾ! ਮੁਖ ਤੇ ਸਚੁ ਬੋਲੈ ਏਹੁ ਸੰਜਮੁ, ਕਰਣੀ ਕਰਤੂਤਿ ਭਲੀ ਕਰੈ ਏਹੁ ਕਾਰਾਂ ਹੋਈਆਂ। ਪਰਮੇਸੁਰ ਦਾ ਨਾਮੁ ਸਦਾ ਸਰਬਦਾ ਸਿਮਰਹਿ ਏਹੁ ਇਸਨਾਨੁ ਹੋਇਆ। ਅਰੁ ਉਤਮੁ ਏਹੁ ਜਿ ਹਵੈ ਸਿ ਇਤੁ ਕਰਿ ਕਰਿ ਹੋਵੈ। ਜਬ ਏਹੁ ਉਤਮੁ ਕਰਮੁ ਕਰੈ ਤਬ ਏਹੁ ਉਤਮੁ ਹੋਵੈ। ਜਬ ਏਹੁ ਨੀਚ ਕਰਮੁ ਕਰੈ ਤਬ ਏਹੁ ਨੀਚ ਜਾਤਿ ਹੋਵੈ। ਪਰੁ ਏਵ ਨਾਹੀ ਜਿ ਨੀਚ ਕਰਮੁ ਕਰੈ ਅਰੁ ਜਾਤਿ ਕੈ ਗਰਬਿ ਊਚਾ ਹੋਵੈ। ਊਹਾ ਸੋਇ ਜਿ ਕਰਮੀ ਊਚਾ, ਜਿ ਪਾਪਾ ਕਉ ਪੰਦਿ ਨਾਹੀ ਦੇਤੇ ਤੇਈ ਊਚੇ ਅਰੁ ਤੇਈ ਹੀ ਉਤਮੁ ਕਹੀਅਹਿ। ਜਿ ਪਾਪਾ ਕਉ ਪੰਦਿ ਨਾਹੀ ਦੇਤੇ ਤੇਈ ਹੀ ਊਚੇ"। ਬੋਲਹੁ ਭਾਈ ਜੀ ਸ੍ਰੀ ਰਾਮਕ੍ਰਿਸ਼ਨ ਵਾਹਿਗੁਰੂ। ਜਬ ਪਰਮਾਰਥ ਨਾਲਿ ਗੁਰੂ ਬਾਬੇ ਨਾਨਕ ਜੀ ਕਹਿ ਸੁਣਾਇਆ। ਤਬ ਉਨ੍ਹਾ ਜਨੇਊ ਬਾਹਰਿ ਦੇ ਲਾਹਿ ਕਰਿ ਗੰਗਾ ਬੀਚ ਡਾਰੇ। ਤਬ ਉਨੀ ਕਹਿਆ ਜਿ, "ਬਾਬਾ ਜੀ ਸਲਾਮਤਿ! ਤੂ ਅਸਾਨੂ ਦੀਖਿਆ ਦੇਹਿ, ਜਿਵ ਜਾਣਹਿ ਤਿਵ ਕਰਿ ਜੀ, ਅਸੀ ਤੇਰੀ ਸਰਣਿ ਹਹ"।

ਤਬ ਉਨ੍ਹਾ ਡੇਰੇ, ਘਰ, ਵਾਹਣੀਆਂ, ਅਸਬਾਬੁ, ਕਪੜੇ ਲੁਟਾਇਦੇ ਹੀ ਗੁਰੂ ਬਾਬਾ ਸਾਥਿ ਲੈ ਚਲਿਆ। ਓਨਾ ਨੇ ਲੰਗੋਟੀਆ ਪੈਨ੍ਹਾਈਆਂ, ਓਹਿ ਲੰਗੋਟਿ ਬੰਦਿ ਕੀਏ। ਪਹਿਲੇ ਬਾਬੇ ਨਾਨਕ ਜੀ ਓਹਿ ਸਿਖ ਕੀਤੇ। ਉਨਾਂ ਨੂੰ ਦੀਖਿਆ ਦਿਤੀਅਸੁ। ਉਨ ਕੇ ਭਰਮੁ ਕੇ ਕਿਵਾਰ ਉਤਾਰਿ ਦੂਰਿ ਕੀਏ। ਗੁਰੂ ਬਾਬੇ ਉਨ ਕਉ ਦਿਬ ਦ੍ਰਿਸਟਿ ਦੀਨੀ, ਚੰਮ ਦ੍ਰਿਸਟਿ ਉਨਕੀ ਦੂਰਿ ਹੋਇ ਗਈ। ਪਹਿਲੇ ਸਿਖ ਓਹਿ ਗੁਰੂ ਬਾਬੇ ਨਾਨਕ ਜੀ ਕੇ ਲੰਗੋਟਿ ਬੰਦ ਭਏ! ਬੋਲਹੁ ਭਾਈ ਜੀ ਵਾਹੁਗੁਰੂ। ਸਲੋਕੁ–

ਜੋ ਹਰਿ ਭਾਵੈ ਸੋ ਕਰੈ, ਕੀਆ ਕਿਛੂ ਨ ਹੋਇ ॥
ਥਾਪਿ ਉਥਾਪੇ ਘੜੀ ਮਹਿ, ਦਾਸ ਨਾਨਕ ਏਕੋ ਸੋਇ ॥੧॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨ ਗੁਰੂ, ਸਤਿਗੁਰੂ, ਰਾਮ ਸਤਿ, ਗੁਰੂ ਸਤਿ, ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪ੍ਰਸਾਦਿ ॥੪੦॥

# ਕਰਮ ਕਾਂਡ ਦੀ ਅਸਲੀਅਤ

ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਗੰਗਾ ਜੀ ਤੇ ਬੈਸਨਵਾਂ ਨਾਲ)

ਤਬ ਗੁਰੂ ਬਾਬਾ ਨਾਨਕ ਜੀ ਪੂਰਬ ਕੀ ਧਰਤੀ ਗੰਗਾ ਤੀਰਥਿ ਪੁਰਬ ਕੇ ਸਮੈ ਨਾਵਣ ਕਉ ਜਾਇ

ਪ੍ਰਾਪਤਿ ਹੋਆ। ਤਬ ਗੁਰੂ ਬਾਬਾ ਨਾਨਕੁ ਜੀ ਊਹਾ ਗਇਆ, ਤਬ ਸਭ ਲੋਕ ਜਿਤਨੇ ਥੇ ਸਭਿ ਲੈ ਉਠੇ ਜਿ "ਗੁਰੂ ਬਾਬਾ ਨਾਨਕ ਜੀ ਗੰਗਾ ਆਇਆ, ਗੁਰੂ ਨਾਨਕੁ ਜੀ ਈਹਾ ਆਇਆ। ਜਗਤ ਮਹਿ ਏਸੁ ਕਾ ਨਾਮੁ ਹੈ, ਏਹੁ ਪਰਮੇਸੁਰ ਕਉ ਮਿਲਿਆ ਹੈ" ਕੋਈ ਕਹੈ ਜਿ 'ਨਾਨਕੁ ਆਇਆ'। ਅਰੁ ਕੋਈ ਕਹਹਿ ਜਿ 'ਵਡਾ ਭਗਤੁ ਆਇਆ ਹੈ। ਡੇਰਾ ਲੁਟਾਇ ਨਿਕਲਿਆ ਹੈ। ਅਗਮੁ ਨਿਗਮੁ ਸਭੁ ਜਾਣਦਾ ਹੈਂ'। ਜਿਤਨੇ ਲੋਕ ਥੇ ਤਿਤਨੇ ਸਭਿ ਆਇ ਲਾਗੇ ਦਰਸਨੁ ਕਰਨੇ। ਇਕਿ ਦਰਸਨੁ ਕਰਿ ਕਰਿ ਹਟਿ ਜਾਹਿ, ਇਕਿ ਆਇ ਕਰਹਿ। ਇਕ ਮਹਾ ਪੂਰਨ ਜਿ ਗਿਆਨੀ ਥੇ ਤਿਨਹੁ ਕਹਿਆ ਜਿ, "ਬਾਬਾ ਨਾਨਕੁ ਜੀ ਆਇਆ ਹੈ, ਜਿ ਕਾਈ ਬਾਤ ਪੂਛਨੀ ਹੈ ਸਿ ਅਜੁ ਪੂਛਿ ਲੈਹੁ"। ਤਬ ਓਹਿ ਮਿਲਿ ਕਰਿ ਬੈਸਨਉ ਗੋਬਿੰਦ ਲੋਕ ਗੁਰੂ ਬਾਬੇ ਨਾਨਕ ਪਾਸਿ ਆਏ। ਆਇ ਕਰਿ ਕਹਿਆ ਜਿ, "ਰਾਮ ਰਾਮ ਗੁਰੂ ਬਾਬਾ ਨਾਨਕ ਜੀ ! ਰਾਮ ਰਾਮ"। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਰਾਮੁ ਰਾਮੁ ਰਾਮੁ ਸਤਿ ! ਗੁਰੂ ਸਤਿ ਸਤਿ ਰਾਜਾ ਰਾਮੁ ! ਦੂਖ ਨਿਵਾਰਣੁ ਰਾਮੁ ! ਆਈਐ ਜੀ, ਬੈਠੀਐ ਜੀ, ਬਲਿਹਾਰ ਜਾਂ, ਆਈਐ ਜੀ, ਬੈਠੀਐ ਜੀ !" ਤਬ ਉਨਹੁ ਰਾਮ ਰਾਮ ਕਰਿ ਕਰਿ, ਡੰਡਉਤਿ ਕਰਿ ਕਰਿ ਬੈਠਿ ਗਏ। ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਜਿ, "ਭਲੇ ਹਹੁ ਜੀ ?" ਕਹੈ, "ਜੀ, ਆਜੁ ਭਲੇ ਹੈ ਤੇ ਦਰਸਨਿ ਦੇਖੇ"। ਤਬ ਗੁਰੂ ਬਾਬੇ ਨਾਨਕ ਜੀ ਪਹਿ ਉਨਹੁ ਬੇਨਤੀ ਕਰੀ ਜਿ, "ਬਾਬਾ ਨਾਨਕ ਜੀ ! ਏਕੁ ਬੇਨਤੀ ਪੂਛਨੈ ਕੀ ਹਮਾਰੇ ਜੀ ਹੈ, ਜਿ ਆਗਿਆ ਹੋਇ ਤਾ ਕਹਹ ?' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਭਲਾ ਹੋਇ, ਜੇ ਕਿਛੁ ਤੁਮਰੇ ਜੀ ਹੈ ਸਿ ਪੁਛੀਐ ਜੀ"। ਤਬ ਉਨਹੁ ਗੋਬਿੰਦ ਲੋਕਹੁ ਕਹਿਆ, 'ਬਲਿਹਾਰ ਜਾਉ ਬਾਬਾ ਜੀ ! ਏਹਿ ਜਿ ਬੈਸਨਉ ਹੈਂ, ਚਉਕਾ ਦੇਤੇ ਹੈਂ, ਕਾਰਾਂ ਕਢਤੇ ਹੈਂ, ਸੂਚਾ ਪਾਣੀ ਲੇ ਆਵਤੇ ਹੈਂ, ਕੋਰੀ ਗਾਗਰੀ ਨਿਤਾ ਪ੍ਰਤਿ ਕੋਰੀ ਕੀ ਕੋਰੀ ਅਰੁ ਖੀਰ ਭੋਜਨੁ ਕਰਤੇ ਹੈ, ਬਾਬਾ ਨਾਨਕ ਜੀ ਐਸੀ ਕਠਨੁ ਕਰਿ ਜੇਮਤੇ ਹੈ। ਕਿਛੁ ਏਹੁ ਬਾਤ ਭੀ ਪਰਮੇਸੁਰੁ ਲੇਖੈ ਪਾਵੇਗਾ ਕਿ ਨਾ ਪਾਵੈਗਾ ?" ਤਬ ਗੁਰੂ ਬਾਬੇ ਨਾਨਕ ਜੀ ਬਸੰਤ ਰਾਗ ਮਹਿ ਬਾਨੀ ਬੋਲੀ ਜਿ :–

ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥
ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚੈ ਨਾਇ ॥੧॥ਰਹਾਉ॥

ਤਿਸ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਜਿ, "ਸੁਨਿਹੋ ਪੁਰਖਹੁ ਰਾਮ ਜਨਹੁ ! ਏਹੁ ਤਉ ਗੋਬਰ ਕਾ ਚਉਕਾ ਦੇਤੇ ਹੈ, ਪਣੁ ਜੇ ਸੁਇਨੇ ਹੀ ਕਾ ਚਉਕਾ ਦੇਹਿ ਤਉ ਕਿਸੁ ਕਾਮਿ। ਏ ਤਉ ਕਾਰਾ ਆਟੇ ਕੀਆਂ ਦੇਤੇ ਹੈਂ, ਪਣੁ ਜੇ ਰੁਪੇ ਦੀਆਂ ਕਾਰਾਂ ਦੇਹਿ ਤਉ ਕਿਆ ਹੋਇ ? ਅਰੁ ਬਹੁਤੁ ਬਿਸਥਾਰੁ ਕਰਹਿ, ਲਕੜੀਆਂ ਧੋਇ ਬਾਲਹਿ, ਨਵੀਂ ਅਗਿ ਸੂਰਜਿ ਕਰਾਂਤਿ ਕੀ ਆਂਕੇ, ਲਕੜੀਆਂ ਧੋਵਿ ਕਰਿ ਘਾਲਹਿ ਤਉ ਭੀ ਕਿਛੁ ਨਾ। ਗੰਗਾ ਕੇ ਉਦਕ ਸਉ ਰਸੋਈ ਕਰਹਿ ਤਉ ਕਿਆ ਅਰੁ ਗਰੁੜੇ ਕੇ ਚਾਵਲ ਹੋਹਿ ਅਰੁ ਗਊ ਕੇ ਦੂਧ ਸੰਉ ਖੀਰ ਕਰਹਿ, ਖੰਡੁ ਘੀਉ ਬਾਹਿ ਕਰਿ ਖਾਂਹਿ, ਮਹਾਂ ਭਲਾ ਪਰਸਾਦੁ ਕਰਿ ਖਾਹਿ, ਤਉ ਕਿਛੁ ਨਾਹੀ। ਜੇ ਸੁਚ ਹੀ ਸੁਚ ਮਹਿ ਰਹਹਿ ਤਉ ਭੀ ਦਰਗਾਹ ਏਹੁ ਬਾਤ ਥਾਂਇ ਨਾਹੀ ਪੜਤੀ। ਬਿਨਾ ਪਰਮੇਸੁਰ ਜੀ ਕੇ ਨਾਮ ਤੇ ਏਹ ਬਾਤਿ ਥਾਂਇ ਨਾਹੀ ਪੜਤੀ।" ਜਬ ਲਗਿ ਸਚ ਨਾਮ ਸਉ ਮਗਨ ਨਾ ਹੋਇ ਤਬ ਲਗਿ ਏਹ ਬਾਤਿ ਥਾਂਇ ਨਾਹੀ ਪੜਤੀ"। ਤਬ ਉਨਹੁ ਗੋਬਿੰਦ ਲੋਕਹੁ ਬੇਨਤੀ ਕਰੀ ਜਿ, "ਗੁਰੂ ਬਾਬਾ ਨਾਨਕ ਜੀ ! ਬਲਿ ਏਕ ਬੇਨਤੀ ਹੈ–ਜੀ, ਇਕਿ ਬੇਦ ਪੜਤੇ ਹੈ, ਇਕਿ ਪੁਰਬੀ ਨਾਵਤੇ ਹੈ ਅਰੁ ਦਾਨ ਕਰਤੇ ਹੈ। ਇਕਿ ਬਰਤ ਨੇਮ ਕਰਤੇ ਹੈ, ਬਾਬਾ ਜੀ ! ਕਿਛੁ ਤਿਨ ਕੀ ਬਾਤ ਥਾਂਇ ਪੜੈਗੀ ?" ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ :–

ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥
ਪੁਰਬੀ ਨਾਵੈ ਵਰਨਾਂ ਕੀ ਦਾਤਿ।। ਵਰੈਤ ਨੇਮ ਕਰੇ ਦਿਨ ਰਾਤਿ ॥੨॥

ਤਿਸ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਜਿ, "ਸੁਨਹੁ ਰੇ ਭਾਈ ਰਾਮ ਜਨਹੁ ! ਦਸੁ ਅਰੁ ਅਠ ਅਠਾਰਹ ਪੁਰਾਣ ਪੜੈ। ਚਾਰੇ ਬੇਦ ਮੁਖਾਗਰਿ ਪੜੈ। ਅਰੁ ਬਡੀ ਪੁਰਬੀ ਇਸਨਾਨੁ ਕਰੈ। ਅਰੁ ਜਿਤਨੇ ਵਰਨ ਹੈ ਏਤਨੇ ਦਾਨ ਕਰੇ, ਹੋਮ, ਜਗ, ਬਰਤ, ਨੇਮ ਕਰੈ, ਦਿਨੁ ਰਾਤਿ ਇਸ ਹੀ ਸੰਜਮ ਮਹਿ ਰਹੈ, ਤਬ ਬਿਨਾ ਪਰਮੇਸੁਰ ਕੇ ਨਾਮ ਤੇ ਏਹਿ ਬਾਤ ਥਾਂਇ ਨਾਹੀ ਪੜਤੀਆ। ਭਾਈ ਰਾਮ ਜਨਹੁ ! ਏਹੁ ਬਾਤ ਏਵ ਹੈ।" ਬੋਲਹੁ ਭਾਈ ਜੀ ਸ੍ਰੀ ਰਾਮ ਕ੍ਰਿਸਨ ਵਾਹਗੁਰੂ।

ਤਬ ਉਨਹੁ ਗੋਬਿੰਦ ਲੋਕਹੁ ਬੇਨਤੀ ਕਰੀ ਜਿ, "ਏ ਬਾਬਾ ਨਾਨਕ ਜੀ ! ਬਲਿਹਾਰ ਜਾਉ ਬਾਬਾ ਨਾਨਕ ਜੀ ! ਏਕੁ ਬੇਨਤੀ ਹੈ। ਇਕਿ ਕਲਿ ਮਹਿ ਕਾਜੀ ਕਹਾਵਤੇ ਹੈ ਜੀ, ਓਹਿ ਕਹਤੇ ਹੈ ਜਿ ਹਮ ਹੀ ਰਾਹੁ ਪਾਇਆ ਹੈ, ਹੋਰਿ ਮਾਰਗਿ ਕਿਛੁ ਨਾਹੀ। ਇਕਿ ਮੁਲਾਂ ਕਹਾਵਤੇ, ਇਕਿ ਸੇਖ ਕਹਾਵਤੇ, ਇਕਿ ਜੋਗੀ ਕਹਾਵਤੇ ਹੈ। ਇਕਿ ਜੰਗਮ ਕਹਾਵਤੇ ਹੈ। ਇਕਿ ਭਾਗਵਾਨ ਕਹਾਵਤੇ ਹੈ। ਇਕਿ ਗ੍ਰਿਸਤੀ ਹੈ ਜਿ ਪੁੰਨ ਕਰਤੇ ਹੈ ਤੇ ਭਲੇ ਕਹਾਵਤੇ ਹੈ। ਬਾਬਾ ਜੀ ਓਇ ਤਉ ਸਭਿ ਕਹਤੇ ਹੈ ਜਿ ਹਮਿ ਭਲੇ ਹਹ। ਹਮਾਰਾ ਹੀ ਭੇਖ ਭਲਾ ਹੈ। ਬਾਬਾ ਜੀ ਉਨ ਕੀ ਕਿਛੁ ਥਾਂਇ ਪੜਤੀ ਹੈ ਕਿ ਨਾ ?" ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ :–

ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥
ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥

ਤਿਸਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜੇ, "ਸੁਣਿ ਹੋ ਪੁਰਖਹੁ, ਰਾਮ ਜਨਹੁ ! ਕੋਈ ਕਾਜੀ ਕੋਈ ਮੁਲਾਂ ਕੋਈ ਸੇਖੁ ਕੋਈ ਮਸਾਇਕੁ ਕੋਈ ਜੋਗੀ, ਕੋਈ ਅਤੀਤੁ, ਭਗਵਾਨੁ ਸੰਨਿਆਸੀ, ਕੋਈ, ਬ੍ਰਹਮਚਾਰੀ ਕੋਈ ਦਿਗੰਬਰ ਕੋਈ ਜੰਗਮੁ, ਕੋਈ ਫਕੀਰੁ, ਕੋਈ ਗ੍ਰਿਸਤੀ ਪੁੰਨੁ ਦਾਨੁ ਕਰਉ, ਪਣੁ ਬਿਨ ਪਰਮੇਸੁਰ ਜੀ ਕੇ ਰਾਹ ਬੂਝੇ ਤੇ ਜਮੁ ਬਾਧਿ ਲੇ ਜਾਇਗਾ, ਛੋਡੈਗਾ ਨਾਹੀ। ਭਾਈ ਰਾਮ ਜਨਹੁ ! ਬਿਨਾ ਨਾਮ ਤੇ ਥਾਂਇ ਕਾਈ ਬਾਤ ਨਹੀ ਪੜਤੀ। ਭਾਈ ਜੀ ! ਏਹੁ ਕਥਾ ਏਵ ਹੈ"। ਤਬ ਬਹੁੜਿ ਉਨਹੁ ਗੋਬਿੰਦ ਲੋਕਹੁ ਬੇਨਤੀ ਕਰੀ ਜਿ, "ਬਾਬਾ ਨਾਨਕ ਜੀ ! ਬਲਿਹਾਰ ਜਾਉ ਜੀ ! ਜਿ ਕੋਈ ਜੀਉ ਹੈ, ਜੇ ਕਿਛੁ ਏਹੁ ਕਰਤਾ ਹੈ, ਆਪਣੀ ਖੁਸੀ ਕਰਤਾ ਹੈ ਕਿ ਏਸ ਕੈ ਸਿਰਿ ਕੋਈ ਹੋਰੁ ਹੈ, ਕਰਣੇਹਾਰਾ ? ਏਸ ਕੇ ਕਮਾਏ ਕਾ ਹਿਸਾਬੁ ਲੀਜੀਐਗਾ ਕਿ ਨ ਲੀਜੀਐਗਾ ? ਸਾਹਿਬ ਕਾ ਖਜਾਨਾ ਕਵਣੁ ਚਾਹੀਤਾ ਹੈ ਜੀਆਂ ਕਉ ਤਲਬ ਹੋਤੀ ਹੈ ?" ਬੋਲਹੁ ਭਾਈ ਜੀ ਸ੍ਰੀ ਰਾਮ ਕ੍ਰਿਸ਼ਨ ਵਾਹੁਗੁਰੂ।

ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ :–

ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥
ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥

ਤਿਸ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ "ਸੁਣਿਹੋ ਭਾਈ ਰਾਮ ਜਨਹੁ ! ਜਿਤਨੇ ਜੀਅ ਹੈ ਤਿਤਨਿਆ

ਕੈ ਸਿਰਿ ਪਰਮੇਸੁਰੁ ਸਾਹਿਬੁ ਹੈ, ਤਿਨ ਕਉ ਜੋ ਕਿਛੁ ਕਰਾਵਤਾ ਹੈ ਜਿ ਉਹੀ ਉਸ ਕਾ ਲੇਖੁ ਕਰਾਵਤਾ ਹੈ; ਏਹੁ ਸੋਈ ਕਰਤਾ ਹੈ ਜਿ ਹੁਕਮੁ ਪਰਮੇਸੁਰ ਕਾ ਧੁਰ ਕਾ ਲੇਖੁ ਹੈ। ਧੁਰ ਕੇ ਲੇਖ ਕਾ ਏਹੁ ਹੁਕਮੁ ਕਮਾਤਾ ਹੈ। ਪਰੁ ਜਿ ਕਿਛੁ ਕਮਾਤਾ ਹੈ ਤਿਸ ਹੀ ਕਮਾਣੇ ਉਪਰਿ ਇਸ ਕਾ ਹਮੇਬ ਹੋਤਾ ਹੈ। ਅਰੁ ਓਹੁ ਜਿ ਖਜਾਨਾ ਚਾਹੀਤਾ ਹੈ, ਜਿ ਘਰਿ ਖਜਾਨਾ ਹੈ, ਸੋਈ ਲੋਕਾ ਪਾਸ ਤੋਂ ਭਰਾਇਆ ਚਾਹੀਤਾ ਹੈ, ਸਾਹਿਬ ਕੇ ਭੰਡਾਰੇ ਮਾਹਿ। ਭਗਤਿ ਕੇ ਭੰਡਾਰੇ ਭਰੇ ਹੈ ਸਾਈ ਭਗਤਿ ਉਹਾ ਚਾਹੀਐ,ਬਿਨਾ ਭਗਤਿ ਥਾਂਇ ਨਾਹੀਂ ਪੜਤੀ,ਉਹਾ ਸੋਈ ਸੁਰਖਰੂ ਹੋਇ। ਭਾਈ ਰਾਮ ਜਨਹੁ! ਸ੍ਰੀ ਠਾਕੁਰ ਕਉ ਭਗਤਿ ਹੀ ਭਾਵਤੀ ਹੈ"। ਤਬ ਓਹਿ ਗੋਬਿੰਦ ਲੋਕ ਉਠਿ ਗੁਰੂ ਬਾਬੇ ਨਾਨਕ ਜੀ ਕੀ ਚਰਨੀ ਲਾਗੇ। ਉਨਹੁ ਕਹਿਆ ਜਿ, "ਏ ਬਾਬਾ ਨਾਨਕ ਜੀ! ਤਿਸੁ ਭਗਤਿ ਕੇ ਖਜਾਨੇ ਤੇਰੇ ਪਾਸਿ ਹੈਨਿ ਜਿਸ ਨੋ ਤੂੰ ਕ੍ਰਿਪਾ ਕਰਿ ਕਰਿ ਦੇਹਿ ਸੋਈ ਜਨੁ ਪਾਵੈ। ਬਾਬਾ ਜੀ! ਹਮ ਕਲੀ ਕਾਲ ਕੇ ਮਨੁਖ ਹਹ, ਤੂੰ ਜਿ ਹੈ ਸਿ ਪੂਰਾ ਹੈ। ਹਮ ਤੇਰੀ ਸਰਨਿ ਪੜੇ ਹੈ, ਬਾਬਾ ਜੀ! ਜਿਵ ਜਾਣਹਿ ਤਿਵ ਨਿਸਤਾਰਿ ਲੈ"। ਤਬ ਗੁਰੂ ਬਾਬਾ ਨਾਨਕੁ ਜੀ ਕਿਰਪਾਲੁ ਭਇਆ, ਕਿਰਪਾ ਕਰਿ ਕਰਿ ਉਨਾ ਕਉ ਦੀਖਿਆ ਦੀਨੀ। ਓਹਿ ਗੁਰੂ ਕੇ ਸਿਖ ਭਏ। ਨਾਨਕ ਪੰਥੀ ਹੂਏ, ਲਾਗੇ ਗੁਰੂ ਗੁਰੂ ਜਪਣੇ। ਵਾਹੁਗੁ ਧੰਨਗੁਰੂ ਸਤਿਗੁਰੂ ਬਾਬਾ ਨਾਨਕੁ, ਜਿਸ ਕੇ ਪਰਸਾਦਿ ਭਰਮ ਕੀ ਭੀਤਿ ਜਾਇ, ਅਰੁ ਨੀਚ ਤੇ ਊਚਾ ਹੋਇ, ਸੋ ਧੰਨ ਨਾਨਕ, ਵਾਹਗੁਰੂ ਨਾਨਕੁ।

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਪੁਰਖਾ! ਪਰਮੇਸੁਰੁ ਤੁਮਾਰਾ ਭਲਾ ਕਰੇਗਾ। ਪਰਮੇਸੁਰ ਕਾ ਨਾਮੁ ਸਿਮਰਹੁ ਅਰੁ ਸਿਮਰਾਵਹੁ ਸਰਬ ਸੁਖ ਪਾਵਹੁਗੇ"। ਤਬ ਓਹਿ ਗੋਬਿਦ ਲੋਕ ਏਹੀ ਉਪਦੇਸੁ ਦ੍ਰਿੜਿ ਕਰਿ ਗੁਰੂ ਬਾਬੇ ਨਾਨਕ ਜੀ ਤੇ ਬਿਦਾ ਭਏ। ਬੋਲਹੁ ਵਾਹਗੁਰੂ।

ਸਲੋਕੁ

ਹਠੁ ਤਪੁ ਸੰਜਮੁ ਨਿਗ੍ਰਹ ਕਰੇ ਪ੍ਰਿਥਮੀ ਕਰੈ ਤੀਰਥਿ ਦਾਨੁ ॥
ਪੂਜਾ ਅਰਚਾ ਹੋਮੁ ਜਗੁ ਕੋਟ ਤੀਰਥ ਇਸਨਾਨੁ ॥
ਸੁਨਹੁ ਸੰਤਹੁ! ਤੁਮ ਚੀਤ ਲਾਇ, ਹਰਿ ਭਗਤਿ ਭਾਵੈ ਭਗਵਾਨੁ ॥
ਦਾਸ ਨਾਨਕ ਜਿਹ ਘਟਿ ਭਗਤਿ ਹੈ, ਤਾਂ ਕੈ ਸਰਬ ਨਿਧਾਨੁ ॥ ੧ ॥

ਬੋਲਹੁ ਭਾਈ ਜੀ ਵਾਹੁਗੁਰੁ, ਧੰਨ ਗੁਰੂ, ਸਤਿਗੁਰੂ, ਰਾਮੁ ਸਤਿ, ਗੁਰੁ ਸਤਿ, ਸਤਿਨਾਮੁ ਕਰਤਾ ਪੁਰਖ ਸਤਿਗੁਰੂ ਪ੍ਰਸਾਦਿ ॥੪੧॥

(ਚਲਦਾ)

# ਜ਼ਰੂਰੀ ਬੇਨਤੀ

ਪਰਚਾ ਲੇਟ ਹੋ ਜਾਣ ਕਰ ਕੇ ਤੇ ਸ੍ਰੀ ਹਜ਼ੂਰ ਬਾਬਾ ਜੀ ਦੀ ਤਬੀਅਤ ਠੀਕ ਨ ਰਹਿਣ ਕਾਰਣ ਪਿਛਲੇ ਚਾਰ ਮਹੀਨਿਆਂ ਦੇ ਧਰਮ ਪ੍ਰਚਾਰ ਦੀ ਰੀਪੋਰਟ, ਲੰਗਰ ਅਤੇ 'ਅਜੂਨੀ' ਵਾਸਤੇ ਆਈ ਮਾਇਆ ਅਤੇ ਰਸਦ ਦਾ ਵੇਰਵਾ, ਤੇ ਬਾਬਾ ਜੀ ਦੇ ਬਦੇਸ਼ ਵਿਚ ਪ੍ਰਚਾਰ ਦਾ ਵੇਰਵਾ ਇਸ ਪਰਚੇ ਵਿਚ ਨਹੀਂ ਛਪ ਸਕਿਆ। ਅਗਲਾ ਪਰਚਾ ਛੇਤੀ ਹੀ ਛਪ ਰਿਹਾ ਹੈ ਜਿਸ ਵਿਚ ਸਾਰੇ ਸਮਾਚਾਰ ਛਪ ਜਾਣਗੇ।

ਦਾਸ–ਮੈਨੇਜਰ 'ਅਜੂਨੀ'
ਦਮਦਮਾ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ
ਨਗਰ ਮਨਸੂਰਾਂ, ਜ਼ਿਲਾ ਲੁਧਿਆਣਾ

# ਜਿਤੀ ਨਵਖੰਡ ਮੇਦਨੀ, ਸਤਿਨਾਮੁ ਦਾ ਚਕ੍ਰ ਫਿਰਾਇਆ

[ਵਲੋਂ ਬੀਬੀ ਸਵਰਨੀਕ ਕੌਰ, ਬੱਚੀ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ,
ਜੋ ਸ੍ਰੀ ਹਜ਼ੂਰ ਨਾਲ ਹੀ ਬਿਦੇਸ਼ਾਂ ਵਿਚ ਧਰਮ ਪ੍ਰਚਾਰ ਹਿਤ ਗਏ ਸਨ]

ਦਾਤਾਰ ਦੇ ਸੱਚੇ ਨਾਮ ਨੇ ਸੰਸਾਰ ਦੇ ਹਰ ਕੋਨੇਂ ਵਿਚ ਇਕ ਅਨੋਖੀ ਏਕਤਾ ਫੈਲਾ ਦਿਤੀ ਹੈ। ਸਫ਼ਾ ਦਿਲ ਨਾਲ ਤੁਸੀਂ ਜਿਥੇ ਵੀ ਜਾਓ ਤੁਹਾਨੂੰ ਉਸ 'ਇਕ ਨਾਮ' ਦੇ ਪ੍ਰਭਾਵ ਦੇ ਕਾਰਨ ਇਕ ਅਪਨਾਪਨ ਮਹਿਸੂਸ ਹੁੰਦਾ ਹੈ। ਸਤਿਗੁਰੂ ਦੇ ਪਿਆਰੇ ਉਸ ਵਾਹਿਗੁਰੂ ਦੇ ਸਹਾਰੇ ਹੀ ਜਿਉਂਦੇ ਨੇ ਤੇ ਆਪਣੀ ਮਿਹਨਤ ਤੇ ਸ਼ਰਧਾ ਦੇ ਫੁੱਲ ਸੁਹਣੇ ਮੰਦਰ-ਮੁਨਾਰਿਆਂ ਵਿਚ ਭੇਟ ਕਰਕੇ ਉਹ ਆਪਣੇ ਕਾਰੋਬਾਰ ਕਾਮਯਾਬੀ ਨਾਲ ਚਲਾਉਂਦੇ ਨੇ।

ਅਸੀਂ ਜਦੋਂ ਭਾਰਤ ਤੋਂ ਚਲੇ ਅਸੀਂ ਸੋਚਿਆ ਕਿ ਵਿਦੇਸ਼ਾਂ ਵਿਚ ਲੋਕ ਤਰੱਕੀ ਕਰਨ ਵਿਚ ਏਨੇ ਰੁਝੇ ਹੋਣਗੇ ਕਿ ਉਨ੍ਹਾਂ ਨੂੰ ਦੇਵਨਹਾਰ ਦਾਤਾਰ ਨੂੰ ਯਾਦ ਕਰਨ ਲਈ ਵਕਤ ਹੀ ਨਹੀਂ ਮਿਲਦਾ ਹੋਣਾ। ਪਰ ਹੈਰਾਨ ਹੋਣ ਦੇ ਨਾਲ ਹੀ ਅਸੀਂ ਇਹ ਦੇਖ ਕੇ ਬਹੁਤ ਖੁਸ਼ ਹੋਏ–ਕਿ ਸਚੇ ਕਰਤਾਰ ਨੇ–"ਜਿੱਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ" ਇਹ ਸਭ ਕਿਸਮਤ ਵਾਲੇ ਲੋਕ ਜਿਨ੍ਹਾਂ ਦੇ ਮਨ ਤਨ ਵਾਹਿਗੁਰੂ ਨੇ ਜਿੱਤ ਲਏ ਨੇ–ਇਹ ਜਦੋਂ ਹੋ ਸਕੇ, ਆਪਣੀ ਹਿੰਮਤ ਤੇ ਪ੍ਰੇਮ ਕਾਰਨ ਖੜੇ ਕੀਤੇ–ਗੁਰੂ ਦੇ ਦੁਆਰਿਆਂ ਵਿਚ ਜਾ ਕੇ ਬੜੀ ਹੀ ਨਿਮਰਤਾ ਤੇ ਸ਼ੌਕ ਨਾਲ ਗੁਰੂ ਦੀ ਸਚੀ ਬਾਣੀ ਸੁਣਦੇ ਤੇ ਪੜ੍ਹਦੇ ਨੇ। ਜਿਥੇ ਜਾਇ ਵਸੇ ਸਤਿਗੁਰੂ, ਉਥੇ ਕੋਈ ਓਪਰਾਪਨ ਨਹੀਂ ਹੁੰਦਾ। ਚਾਹੇ ਕੋਈ ਅਗੇ ਪਿਛੇ ਕਿਸੇ ਨਾਲ ਵਾਹ ਪਾਏ ਜਾਂ ਨਾ, ਪਰ ਇਨ੍ਹਾਂ ਗੁਰੂ ਅਸਥਾਨਾਂ ਤੇ ਵਾਹਿਗੁਰੂ ਦੇ ਨਾਮ ਦੀ ਇਕ ਅਨੋਖੀ ਏਕਤਾ ਹੈ,–ਜੋ ਕਿ ਸਭ ਦੇ ਦਿਲ ਪ੍ਰੇਮ ਨਾਲ ਜੋੜ ਕੇ ਉਸ ਸਚੇ ਸੁੱਚੇ ਨਾਮ ਦਾ ਅਭਿਆਸ ਕਰਾਂਦੀ ਹੈ।

ਦਾਤਾਰ ਦੇ ਨਾਮ ਦੀ ਏਕਤਾ ਹੀ ਸਾਨੂੰ ਪ੍ਰੇਰ ਕੇ ਵਿਦੇਸ਼ ਯਾਤਰਾ ਲੈ ਗਈ। ਵਿਦੇਸ਼ਾਂ ਵਿਚ ਗੁਰੂ ਦੇ ਪਿਆਰਿਆਂ ਨੇ ਪ੍ਰੇਮ ਦੀ ਖਿੱਚ ਕੀਤੀ ਤੇ ਅਸੀਂ ਉਹ ਏਕਤਾ ਮਹਿਸੂਸ ਕਰਦੇ ਬੰਬਈ ਤੋਂ 3 ਸਤੰਬਰ ਨੂੰ ਚਲ ਕੇ ਦੁਬਈ ਪਹੁੰਚੇ। ਉਥੇ ਅਸੀਂ ਉਸ ਸਿੰਧੀ ਪ੍ਰਵਾਰ ਕੋਲ ਰਹੇ ਜਿਨ੍ਹਾਂ ਨੇ ਇਸ ਯਾਤਰਾ ਦਾ ਇੰਤਜ਼ਾਮ ਕਰਨ ਵਿਚ ਬਹੁਤ ਮਦਦ ਕੀਤੀ। ਉਨ੍ਹਾਂ ਰਾਹੀਂ ਹੀ ਅਸੀਂ ਕਈ ਸਿੰਧੀ ਪ੍ਰਵਾਰਾਂ ਨੂੰ ਮਿਲੇ। ਅਸੀਂ ਇਕ ਦਮ ਮਹਿਸੂਸ ਕੀਤਾ ਕਿ ਸਿੰਧੀ ਲੋਕਾਂ ਨੂੰ ਗੁਰੂ ਤੇ ਉਸ ਦੀ ਬਾਣੀ ਵਿਚ ਬਹੁਤ ਹੀ ਭਰੋਸਾ ਹੈ। ਉਥੇ (ਦੁਬਈ) ਇਕ ਛੋਟਾ ਜਿਹਾ ਗੁਰਦੁਆਰਾ ਹੈ ਜਿਥੇ ਇਹ ਸਭ ਲੋਕ ਸ਼ਰਧਾ ਦੇ ਤਿਲ ਫੁੱਲ ਭੇਟ ਕਰਨ ਜਾਂਦੇ ਨੇ। ਜਿਸ ਭਰੋਸੇ ਤੇ ਜੋਸ਼ ਨਾਲ ਇਹ ਲੋਕ ਅਰਦਾਸ ਕਰਦੇ ਸਨ ਉਹ ਦੇਖ ਕੇ ਅਸੀਂ ਬਹੁਤ ਹੀ ਖੁਸ਼ ਹੋਏ, ਸੋਚੀਏ ਕਿ ਦੁਬਈ ਵਰਗੇ ਰੇਗਿਸਤਾਨ ਵਿਚ ਵੀ ਸਤਿਗੁਰੂ ਦੇ ਜਿੱਤੇ ਦਿਲ ਹਨ। ਉਥੇ ਏਡੇ ਤਰੱਕੀ ਕਰਨ ਵਾਲੇ ਦੇਸ਼ ਵਿਚ ਵੀ ਲੋਕਾਂ ਕੋਲ ਵਕਤ ਹੈ, ਗੁਰੂ ਨੂੰ ਅਰਪਨ ਕਰਨ ਲਈ। ਇਹ ਗੁਰੂ ਦੀ ਬਾਣੀ ਬਹੁਤ ਹੀ ਸੁਹਣੀ ਤਰ੍ਹਾਂ ਪੜ੍ਹਦੇ ਤੇ ਸੁਣਦੇ ਤੇ ਜੋ ਉਨ੍ਹਾਂ ਨੂੰ ਗੁਰੂ ਨਾਲ ਜੋੜਨ ਵਾਲਾ ਮਿਲ ਜਾਂਦਾ ਹੈ ਉਸ ਦਾ ਅਤਿ ਸਤਿਕਾਰ ਕਰਦੇ। ਇਹ ਨਮਸਕਾਰ ਕਰਨ ਲਈ 'ਧੰਨ ਗੁਰੂ ਨਾਨਕ' ਕਹਿ ਕੇ ਇਕ ਦੂਜੇ ਨੂੰ ਬੁਲਾਂਦੇ। ਦੁਬਈ ਦੇ ਗੁਰਦੁਆਰੇ ਵਿਚ ਰੋਜ਼ਾਨਾ ਸ਼ਾਮ ਦੇ ਦੀਵਾਨ ਕਰਕੇ ਅਸੀਂ 9 ਸਤੰਬਰ ਨੂੰ ਇੰਗਲੈਂਡ ਲਈ ਰਵਾਨਾ ਹੋ ਗਏ।

ਇੰਗਲੈਂਡ ਚਲੇ ਤਾਂ ਗਏ, ਪਰ ਗੁਰੂ ਨਾਨਕ ਦੀ ਮਹਿਮਾ ਸਾਥੋਂ ਪਹਿਲਾਂ ਹੀ ਪੁਜੀ ਹੋਈ ਸੀ। ਜਹਾਜ਼

ਤੋਂ ਜਦੋਂ ਥਕੇ ਹੋਏ ਉਤਰੇ ਤਾਂ ਓਪਰੀ ਜਗਹ ਦੇਖ ਕੇ ਥੋੜਾ ਘਬਰਾ ਜਿਹੇ ਗਏ, ਪਰ ਜਦੋਂ 'ਗੁਰੂ ਦੇ ਨਾਮ' ਦਾ ਸਵਾਗਤ ਕਰਨ ਆਈਆਂ ਸੰਗਤਾਂ ਨੂੰ ਮਿਲੇ ਤਾਂ ਇਕ ਦਮ ਉਸ 'ਨਾਮ ਦੀ ਏਕਤਾ' ਨਾਲ ਸਾਡਾ ਥਕੇਵਾਂ ਦੂਰ ਹੋ ਗਿਆ ਤੇ ਲੋਕਾਂ ਦੇ ਸਫਾ ਸੱਚੇ ਪਿਆਰ ਨਾਲ ਇਕ ਵਾਰ ਫੇਰ ਯਾਦ ਆਇਆ ਕਿ ਧੰਨ ਹੈ ਉਹ ਦਾਤਾਰ ਜਿਸ ਦੇ ਨਾਮ ਦੀ ਪ੍ਰੀਤ ਕਾਰਨ ਲੋਕ ਏਨਾ ਪ੍ਰੇਮ ਕਰ ਰਹੇ ਨੇ। ਇਕ ਉਸ ਦੇ ਨਾਮ ਦੀ ਹੀ ਇਜ਼ਤ ਸੀ, ਨਹੀਂ ਤਾਂ–ਅਸੀਂ ਕੀ–ਤੇ ਅਸੀਂ ਕੌਣ ?

ਇੰਗਲੈਂਡ ਦੇ ਕਈ ਹਿੱਸਿਆਂ ਵਿਚ ਤਾਂ ਏਨੇ ਸਿੱਖ ਨੇ ਕਿ ਬਿਲਕੁਲ ਲਗਦਾ ਨਹੀਂ ਸੀ ਕਿ ਅਸੀਂ ਵਿਦੇਸ਼ ਵਿਚ ਹਾਂ। ਲੋਕਾਂ ਵਿਚ ਉਤਸ਼ਾਹ ਅਤੇ ਪ੍ਰੇਮ ਹੈ, ਕਈ ਸੁਹਣੇ ਗੁਰਦੁਆਰੇ ਬਣੇ ਹੋਏ ਨੇ–ਪਰ ਇਕ ਅਫਸੋਸ ਦੀ ਗੱਲ ਇਹ ਸੀ–ਕਿ ਇਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਵਿਚ ਉਹ ਖਰਾਬ ਜਿਹੀ ਮੇਰ-ਤੇਰ ਆ ਗਈ ਸੀ–ਜਿਸ ਕਾਰਨ ਗੁਰੂ ਦੇ ਅਸਥਾਨ ਦਾ ਮਾਹੌਲ ਕੁਝ ਗਿਰ ਜਿਹਾ ਜਾਂਦਾ ਹੈ, ਉਹ ਸਾਫ਼ ਪ੍ਰੇਮ ਕੁਝ ਮੈਲਾ ਹੋ ਜਾਂਦਾ ਹੈ। ਪਰ ਫੇਰ ਵੀ ਲੋਕ ਧੂਮ ਧਾਮ ਨਾਲ ਸ਼ਰਧਾ ਭੇਟ ਕਰਨ ਲਈ ਆਪਣੇ ਕਾਰੋਬਾਰਾਂ ਤੋਂ ਛੁਟੀ ਲੈ ਕੇ ਗੁਰਦੁਆਰਿਆਂ ਵਿਚ ਹਾਜ਼ਰੀ ਭਰਦੇ ਨੇ ਤੇ ਉਤਸ਼ਾਹ ਨਾਲ ਗੁਰੂ ਦਾ ਕੀਰਤਨ-ਪ੍ਰਚਾਰ ਸੁਣਦੇ ਨੇ। ਅਫ਼ਸੋਸ ਦੀ ਗੱਲ ਹੈ ਕਿ ਕਈ ਪ੍ਰਚਾਰਕ ਗੁਰੂ ਦਾ ਸਿਧਾ ਸਰਲ ਨਾਮ ਔਖਾ ਕਰ ਦਿੰਦੇ ਨੇ ਤੇ ਸਾਫ਼ ਭੋਲੇ ਮਨਾਂ ਵਿਚ ਔਕੜਾਂ ਪੈਦਾ ਕਰ ਦਿੰਦੇ ਨੇ। ਗੁਰਬਾਣੀ ਨੂੰ ਨਵਾਂ ਬਨਾਉਣ ਲਈ ਕਟ ਵਢ ਕਰ ਦਿੰਦੇ ਨੇ ਤੇ ਜੇ ਇਸ ਦੀ ਲੋੜ ਹੁੰਦੀ ਤਾਂ ਬਾਣੀ ਉਚਾਰਨ ਵਾਲਾ ਦਾਤਾਰ ਆਪ ਹੀ ਤੁੱਕਾਂ ਛੋਟੀਆਂ ਕਰ ਦਿੰਦੇ।

ਕਈ ਲੋਕਾਂ ਨੇ ਘਰਾਂ ਵਿਚ ਦੀਵਾਨ ਕਰਵਾਏ ਤੇ ਇੰਗਲੈਂਡ ਦੇ London, Southall, Suffolok, Iounslow, Leiceter, Derby, Southampton, Walsall, Pobechampton, Bury St, Edmonds–ਇਨ੍ਹਾਂ ਸਭ ਥਾਵਾਂ ਵਿਚ ਸੁਹਣੇ ਦੀਵਾਨ ਗੁਰਦਆਰਿਆਂ ਜਾਂ ਲੋਕਾਂ ਦੇ ਘਰਾਂ ਵਿਚ ਹੋਏ Wolverhampton ਵਿਚ ਰਾੜੇ ਵਾਲੇ ਸੰਤਾਂ ਦਾ ਭੋਗ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਨ੍ਹਾਂ ਕਾਮਯਾਬ ਦੀਵਾਨਾਂ ਤੋਂ ਬਾਦ ਲੋਕਾਂ ਨੂੰ ਪਤਾ ਲਗ ਗਿਆ ਕਿ ਕਿੰਨਾ ਸੌਖਾ ਤੇ ਸਰਲ ਹੈ ਗੁਰੂ ਦਾ ਮੰਤਰ।

ਕਈ ਅੰਗਰੇਜ਼ ਵੀ ਸਿਖ ਧਰਮ ਬਾਰੇ ਪੜ੍ਹਦੇ ਹਨ ਤੇ ਕਈ ਸਿਖ ਬਣੇ ਹੋਏ ਨੇ। ਵਿਦੇਸ਼ ਵਿਚ ਬੈਠ ਕੇ ਵੀ ਸਿੱਖ ਆਪਣੇ ਅਸੂਲ ਨਹੀਂ ਭੁਲਦੇ। ਮੋਟਰ ਸਾਈਕਲ ਚਲਾਣ ਵੇਲੇ ਹੈਲਮੈਟ ਪਾਉਣ ਤੋਂ ਇਨਕਾਰ ਕਰਨ ਕਾਰਨ ਇਨ੍ਹਾਂ ਨੂੰ ਕਾਫ਼ੀ ਔਕੜਾਂ ਸਹਿਣੀਆਂ ਪਈਆਂ।

ਇੰਗਲੈਂਡ ਬਹੁਤ ਸੁਹਣਾ ਵਕਤ ਬੀਤਿਆ। ਵਕਤ ਘੱਟ ਹੋਣ ਕਾਰਨ ਅਸੀਂ ਸਭ ਸੰਗਤਾਂ ਦੇ ਦਰਸ਼ਨ ਨਹੀਂ ਕਰ ਸਕੇ। ਅਕਤੂਬਰ ਦੀ ਪਹਿਲੀ ਤਰੀਕ ਨੂੰ ਅਸੀਂ ਕਈ ਸੁਹਣੀਆਂ ਯਾਦਾਂ ਤੇ 'ਉਹ ਨਾਮ ਦੀ ਏਕਤਾ' ਲੈਕੇ ਅਸੀਂ ਅਫਰੀਕਾ ਵਿਚ ਕੀਨੀਆ ਦੇਸ਼ ਗਏ। ਕੀਨੀਆ ਵਿਚ ਨੈਰੋਬੀ ਸਾਡਾ ਸਿਰਫ ਇਕ ਹਫਤਾ ਰਹਿਣ ਦਾ ਖਿਆਲ ਸੀ, ਸਿਰਫ ਇਕ ਪ੍ਰਵਾਰ ਨੂੰ ਜਾਣਦੇ ਸੀ ਪਰ ਉਸ ਗੁਰੂ ਨਾਨਕ ਦਾ ਨਾਮ ਮਹਾਨ ਹੈ–ਉਸ ਦੇ ਪ੍ਰੇਮ ਪਿਛੇ ਲੋਕਾਂ ਨੇ ਸਾਨੂੰ ਪਛਾਣਿਆ ਤੇ ਉਸ ਦੇ ਨਾਮ ਕਾਰਨ ਸਾਨੂੰ ਉਥੇ ਕਈ 'ਵਾਹਿਗੁਰੂ ਦੇ ਜਿੱਤੇ ਹੋਏ ਦਿਲ' ਲਭ ਗਏ।

ਹਫਤਾ ਰਹਿਨ ਦੀ ਬਜਾਏ ਅਸੀਂ ਕੋਈ ਦੋ ਹਫਤੇ ਰਹੇ; ਗੁਰੂ ਨਾਨਕ ਦੇ ਸੁਹਣੇ ਸੁਹਣੇ ਗੁਰਦੁਆਰਿਆਂ ਵਿਚ ਸੰਗਤਾਂ ਦਾ ਭਾਰਾ ਇਕੱਠ ਹੁੰਦਾ ਸੀ। ਸਾਨੂੰ ਬਹੁਤ ਪ੍ਰਸੰਨਤਾ ਹੋਈ ਦੇਖ ਕੇ ਕਿ ਇਥੇ ਦੇ ਲੋਕ ਪੂਰੇ ਸਿੱਖ ਨੇ ਤੇ ਜਿਸ ਪ੍ਰੇਮ ਉਤਸ਼ਾਹ ਦੇ ਨਾਲ ਗੁਰੂ ਗਰੰਥ ਸਾਹਿਬ ਨੂੰ ਪ੍ਰਕਾਸ਼ ਕਰਦੇ ਤੇ ਸੰਤੋਖਦੇ ਨੇ ਉੱਨਾ ਉਤਸ਼ਾਹ ਤੇ ਪ੍ਰੇਮ ਅਸੀਂ ਭਾਰਤ ਵਿਚ ਗੁਰਪੁਰਬਾਂ ਨੂੰ ਵੀ ਨਹੀਂ ਦਿਖਾਂਦੇ ਹੋਵਾਂਗੇ। (ਬਾਕੀ ਸਫਾ 49)

# NANAK

Bankey Behari*

A strange pilgrim entered the holy shrine at Mecca, where sat the faithful ones rapt in meditation. Tired, he stayed over in the place while the others had left. Unmindful, in his sleep, he turned his feet towards Kaaba (shrine). The Arab priest saw it, came and kicked him for that sacrilegious act, and questioned, "who art thou sleeping infidel ? Why hast thou, O sinner, turned thy feet towards God ?" Perfectly calm, answered the strange pilgrim, "Turn, O, faithful one, these feet in the direction in which He is not." Tradition assigns a miracle on the occasion. As the priest in a rage dragged his feet in the opposite direction, the shrine followed the revolutions of his body,

This same strange pilgrim had some years earlier surprised the Brahmins of Hardwar by a similar and queer act. As the pilgrims at Hardwar were offering oblations to the manes with the Ganges water, their faces being turned towards the East, he approached them and inquired as to what they were doing. They replied that they were satisfying the thirst of their ancestors who were dead and were in the other world. He took up the advice and turning his face towards the West began to offer his oblations. The priests enraged asked what he **meant** by that unholy act, inasmuch as he had his face turned in the opposite direction. He replied, "My fields are situated in the Punjab in that direction, and it is hot season, my fields must be parched, I am trying to water them." The priests said "Fool ! how can the fields situated so far off be watered by sprinkling water here." At once he retorted, "greater fools are you, who think that by offering water oblations here the dead ancestors in the other world can be satisfied !"

This strange pilgrim was born in 1469, by the side of the Ravi in the Punjab adjoining a forest, in the small village of Talwandi ; situated some twenty-four miles from Lahore. His birth had been heralded by many ominous signs, and the astrologers of Rai Bular, the landlord of the village, had predicted a great future for this young brother of Nanaki, the son of Kalu ; the village accountant, by caste a Khatri. After the sister he was named Nanak.

Nanak was born at a period of great mental and political upheaval both in the East and West. Both in Europe and in India man shook off the torper of ages, and their minds had awakened to a consciousness of intellectualism. It was a period when flourished great exponents of Adwaitism, Vedantism and Pantheism. Nanak added to the galaxy of spiritual leaders by "soaring to the loftiest heights of divine emotionalism and exulting in Divine Vision." He dared to propound a religion that contained the best that existed in other religions and gave it out in an entirely new light.

At the age of 5, the child began to surprise everybody by his conversations on divine subjects and at 7, his teacher looked aghast, when in reply to his reprimand to Nanak to read and not waste time on sitting silently, he said "I prefer to thy knowledge, the knowledge of God" and advised his teacher to "Await His Grace, and burn all his attachments and his passions and sing the Name of the Lord. "The teacher was the first convert to Nanak's creed for he left the school and passed the rest of his days in contemplation in solitude.

Luckily for Nanak, Talwandi was situated in the neighourhood of a forest and he had on many occasions to retire into solitude, avail himself of the company of holy men, and in his leisure to meditate on the mysteries of creation and the beauties of nature. He was seen at all hours singing the Name of the Formless Creator. Contact with the Yogis was also responsible for his insight into teaching of the various schools of Indian Philosophies and Yogas.

His parents and relations, however, did not like this weaving of unpractical dreams on the part of their son, and soon sought out means to make him realise his "duties". They therefore married him at the age of fourteen and a little later secured for him the post of a storekeeper in the Government of Daulat Khan, the Muslim Governor, through the good offices of Jai Ram, the husband of Nanaki. Here Nanak worked very assiduously and was praised by everybody. He, however, passed his time in meditation whenever he got leisure, and spent his savings in feeding the "Sanyasins". Here also he contracted the friendship of Mardana, his lifelong companion, a Muslim wandering ministrel. Mardana used to sing to Nanak divine songs, generally the composition of Nanak himself, to the accompaniment of a rebeck. Very soon Nanak found he had no taste left for secular affairs resigned the post.

**His First Pilgrimage**

Accompanied by Mardana he took the route to the East and next he went to the South of India. He visited Delhi, Banaras, Gaya, Gorakhnath, Puri, neighbourhood of Madras and then Ceylon. It was the call of his restless spirit to proclaim a religion that led him on his first pilgrimage. To the crowd as to the priest and the

layman he preached the gospel of the One-ness of Soul and God, and pointed out the pathway of realisation through the Name. Time and again he would insist on directing their attention to God. His appeals were remarkable for the simplicity of expression and the exquisiteness of the illustration that drew his point home. Here was the same simplicity in a more developed form that had made him stop the Brahmin, when he was 9, on the occasion of the sacred thread ceremony, with the remark :

"Man dieth, janeu (sacred thread) falleth and the soul departeth without it"—that now made him proclaim with emphasis :

"You have come naked into the world and naked you will depart, therefore ponder, O ignorant one, on the One who hath created thee and seek Him and meditate upon Him."

And as he moved about proclaiming his gospel, and giving instructions, he had to face many opponents also and they at many times maltreated him a lot. But he was fearless in the advocacy of Truth and he knew no compromise in spiritual matters.

**The Dark Night of the Soul**

After twelve years of wandering Nanak returned to Punjab, but refused to go back home. His mother came to entreat him, but all her persuasions were futile. All the more so as he was experiencing as the Christian mystic would call it passage through "The Dark Night of the Soul" at the time. This stage is a natural step in the spiritual climb of the soul. To Nanak it appeared as a tragic experience. It was this same experience that had made Christ cry out, "Father, way hast thou forsaken me ?" and it was this benumbing state in which the French mystic Madame Guyon, uttered her plaintive note : "Alas, is it possible that this heart formerly all on fire should now become like ice ?" Nanak, therefore, went to Srinagar in Kashmir and thence he proceeded to the solitudes of the Himalayas to meet the realised souls, the Sidhas and find peace. Luckily he met them as he had contemplated and to them he related his feelings thus :

"I have become perplexed in my seareh,
In the darkness I find no way,
Devoted to pride I weep in sorrow.
Alas, how shall peace be obtained ?"

This experience was not new in the case of Nanak. Even in the recent times was observable in the lives of Shri Vivekananda and Sri Ram Tirth on their return from foreign lecturing tours. This stage which precedes the final enlightenment may in his case partly be accounted for by the exhaustion caused by discussions on

spirtual matters indulged in, on his first pilgrimage.

The retirement, however, to the Himalayan solitudes was not without its bracing effect, and the sylvan surroundings went a long way towards helping him. It was here that through meeting of the holy people, he was able to get his introduction to the "True One". Of course, he had the first flashes of the light and trances much earlier, but now it was some thing permanent that he attained to. And after his enlightenment, he returned to his native place and thence proceeded to Kartarpur, and then decided to start on his second pilgrimage, this time to the West.

**His First Pilgrimage**

Nanak first went to Pak Patan where he was again able to meet the beloved disciple of Baba Farid, by name Sheikh Bahram (Ibrahim). The latter was very happy at the meeting and was soon convinced of the attainments of Nanak, whom he complimented by remarking, "of a certainty thou hast seen God." Nanak proceeded further, passed through Baghdad, reached Mecca and then Medina, At these shrines and mosques he fearlessly proclaimed to the assembled crowds :

"I have appeared in this world to indicate the way unto men.
I have rejected all sects and only know One God, whom
I recognise in the earth, the heavens and all directions."

Vehemently did he decry and denounce mere formal worship in the various sects and religions, and condemned mere rituals and ceremonials as the gateway to Heaven : While to the Hindu he said :

"Bramha who came into the world repeating the Vedas cannot describe Him...
...Shiva and countless gods and goddesses standing at thy gate praise Thee."
(Macanliffe, 'Sikh Religion', Vol. I, p. 128)

and to the Muslim he said :

"Merely reading the scriptures does not free the mind from anxiety. If for a moment thou restrainest thy mind, God will appear before thee" (Ibid, p. 177)

**His Religion**

On his return from the Western pilgrimage, Nanak gave up the dress of the anchorite and settled down at Kartarpur, where he gave religious instructions, and passed his time in hearing religious songs and practising meditation. He adopted the habit of the householder. This however did not please the religious mendicants. Sheikh Bahram once told him that for religious merit tattered garments were a necessity. He replied, what matters is merely the fixing of heart on Him. The external costume is of no consideration at all. And when the great Yogi Bhagarnath of Achal Batala told him in cryptic language to the same effect, "When the milk becometh sour, no butter is produced by churning : why dost thou doff the hermit

dress and don the ordinary clothes ?" He replied, "O Bhagarnath, thy mother was an unskilful woman. She knew not how to wash the churn, and so spoilt the butter in producing thee. Thou hast become an anchorite after abandoning thy family life and yet thou goest to beg to the houses of family men. When thou dost nothing here, what canst thou obtain hereafter ?"...

While pointing to the element of grace as necessary for dawn of enlightenment, he insisted on saying, ' Salvation is here and nowhere else." To the erring world he taught, "Take thought on the vital problems of life." He said no miracles were necessary to convert you to the creed of thinking. Look round and see "Wealth, youth and flowers are guests only for four days. They wither and fade like the leaves of the water-lily."

The world is no resting-place. Why build houses when you know that not a needle shall accompany you on the final pilgrimage to the next world ? Wake up, "Therefore ye sleepers, lo, the soul in despair departeth " Understand it full well that the world is a perishable abode. Remember that everything round about you is false."

"False are kings, false are subjects, false the whole world.
False are mansions, false palaces, false those who dwell there in.
False is gold, false silver, false he who weareth them ;
False the body, false the raiment, false peerless beauty ;
False husbands, false wives, they pine away and became dust." (Ibid, 130)

He uttered such reminders tuned to melodious music. To the literate and the illiterate he appealed equally. He refused to accept that the Way Home was through logic or through vain discussions. Arguments had no place. The motive-power was faith and fear of God, His grace and the Teacher's hand.

But it is a moot point what Nanak meant by Teacher. He himself was not initiated by a teacher, and he always looked up to God as his teacher. He insisted on that point in the case of other aspirants also :

"He who looketh for human support
Loseth both this world and the next.
There is but one giver, the whole world are beggars."

But at another place says he, "Through the Guru man obtaineth real life, and through Guru man, departeth to God's home." Be that as it may, the point does not arise when you see his insistence on deliberate determination as the first step towards realisation. During his trials did he not say, "I will cut off my head and lay it before Him, I will place before Him my soul and body."

He points out again that the Name is the Teacher, and the Name is the only

pathway. There is no other "road but the Name and that is the only door in this Kaliyug." Here was a gospel that had many points in common with what the earlier saints and those who followed him had said. And while praising the Name, he emphasised on the gospel of devotion with which the Name is to be remembered. To Him the Name and the Lord were one and he made no distinction between the two. He approached the Lord in the attitude of a true Bhakta. This is apparent in his lines which to some extent are near to Mira Bai in our own country and to the wailings of St. Teresa and other mystics of the West. There is the same agony and the pang of separation.

**The Iconoclast**

He deprecated all forms and formalities and gave new definitions to words. When asked to what religion he belonged, he said in his cryptic way :

Religion consisteth not in a patched coat, or in yogi's staff or in smearing ashes over the body.

Religion consisteth not in the ear-rings worn, or in a shaven head, or in the blowing of the horns,

Religion consisteth not in mere words :

Religion consisteth not in visiting the tombs or places of cremation or sitting in attitudes of contemplation,

Religion consisteth not in wandering in foreign countries, or in bathing at places of pilgrimages

Abide pure amid the impurities of the world : thou shalt then find the way to religion."

On another occasion he defined a 'Muslim' as one who hath effaced his ego completely. This was the creed of Nanak. To him there was no Muslim, no Hindu. In a sense, he breathed pantheism of the Sufi minus his austerities and life of a celibate anchorite.

His charity knew no bounds and as the robbers and the murders were claimed by Christ, by Buddha and by Chaitanya, we have the incident of the robber, Sheikh Sajjan, in the case of Nanak which goes the whole length of comparing his deeds of forgivness with the earlier saints. In simple words he gave out in essence his gospel simiiar to the eightfold path of the Buddha :

Recall the wandering mind from the distraction of the senses and then employ it in pious discourses and in devoutly singing and listening to the songs of the praise of the Almighty—know these are the meritorious acts which may be easily performed. They involve but little labour and bring great reward.

He was especially emphatic on one one's doing one's duty disinterestedly and

honestly He was a fearless advocate of the law of Karma. He preached its inexorability with all the empasis at his command. It was his firm belief. Although he felt the grace of the Guru went a long way in allaying the missry and modifying the course of working out of our past Karmas.

**The End**

On a brilliant star-lit night in the month of October in the year 1538 [? 1539], lay a pilgrim under a withered acacia tree bubbling in spirit, but wearing a decayed garment over the body. It was Nanak. And today was the last day of his pilgrimage on the earth. The disciples, both Muslims and Hindus, had assembled. Some wanted to cremate the body ; some others to entomb the holy body of their Guru. The Guru set the dispute at rest saying, "Let the Hindus put flowers on my right and the Muslims on my left underneath my sheet. Whose flowers were found fresh in the morning, may dispose of the body." When the sheet was removed the next morning the body had disappeared and both sets of flowers were smiling, and the withered acacia tree had blossomed forth to offer its last homage to the great saint—the Founder of Sikhism—whose swan (soul), had all along aspired to fly to the heavens, flew today into the laps of the Beloved in His Abode of Bliss : Sing therefore :

"Wahe Guru" !

---

## IMAD-U-SA'ADAT*

(1223 A.H., 1808 A.D.)

Sayyed Ghulam Ali Khan

**Rise of the Sikhs**

During the time of the Dweller of Heaven Zahir-ud-Din-Muhammad Babur Padshah Ghazi, there was a Saint by the name of Nanak from amongst a tribe of the Khatris known as the Bedis. As he had for a long time detached himself from the world and its entanglements, and as in the Court of God no man's labour is lost, he attained to the position of a pious divine. As it appears from his sweet sayings, he had realized God. His utterances were like those of sages, full of mysterie . He did not divert his attention to the world.

His disciples are of two kinds—some shave their heads while others leave all the hair of their heads unshaven. In their armies barber is not to be found. Out of ten thousand there are hardly to be found one or two persons who shave their hair. In the terminology of the faithful the army of the hair-keepers is called the Khalsa and the shaven ones are known as Khulasa. In their lives the disciples have no fear of death and they all had one and the same belief.

# Chahar Gulshan

(1759—60)

Rai Chatarman

**Guru Nanak and other Gurus**

Nanak-matta is a place contiguous to Sambhal and devotees of Nanak collect there in large numbers on a fixed day.

Nanak-Panthis are the followers of their (Sikh) prophets. Nanak was an excellent person. His followers have declared against the Vedas and have set up a separate way of life, probably innovated by his successors. During the time of Nanak the number of his followers was relatively small. They are now so numerous that in every country and in every city they are in thousands. In some places, which are especially theirs, they gather together in lakhs (hundreds of thousands).

Guru Nanak was absorbed in divine devotion and was lost in Him. The ways and practices of his followers, and their tilak and dress, are different [from the Hindus].

Up to Guru Gobind [Singh], all the ten (Gurus) live in accordance with the authority of (ways authorized by) Guru Nanak. These ten prophets are called Mahal (Mahala). After them the others, who occupied their position, are not recognized [as Gurus by the community]. Some accept them.

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੇਠੇ ਸਪੁਤਰ

# ਬਾਬਾ ਸ੍ਰੀ ਚੰਦ ਜੀ ਉਦਾਸੀ

## ਦਾ ਜੀਵਨ ਬਿਰਤਾਂਤ

( ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ )

(ਲੜੀ ਜੋੜਨ ਲਈ ਵੇਖੋ ਅੰਕ ਮਈ, 1975)

ਨਾਨਾ ਮੂਲ ਚੰਦ ਅਤੇ ਇਨ੍ਹਾਂ ਦਾ ਕਾਮਾ-ਜੀਵਣ।
ਚੰਦੋ ਰਾਣੀ ਤੇ ਇਨ੍ਹਾਂ ਦੀ ਟੈਹਲਣ ਘਰ ਦੀ-ਪ੍ਰੇਮ-ਮੈਹਰੀ।
ਮਾਤ ਸੁਲਖਣੀ ਜੀ, ਲਖਮੀ ਚੰਦ ਅਤੇ ਇਨ੍ਹਾਂ ਦੀ ਟੈਹਲਣ-ਭਾਗ ਭਰੀ।
ਇਨ੍ਹਾਂ ਥੀਂ ਵਖਰੇ ਕੁਝ ਹੋਰ ਪੇਂਡੂ ਗਵਾਂਢਣਾਂ ਮਾਈਆਂ ਬੀਬੀਆਂ ਵੀ ਸਨ।

ਬਾਬਾ ਸ੍ਰੀ ਚੰਦ ਜੀ ਵਲੋਂ ਇਹ ਵਿਚਾਰ ਸੁਣ ਕੇ ਜੈ ਰਾਮ ਜੀ ਨੇ ਆਖਿਆ ਬਾਬਾ ਜੀਓ ! ਇਹ ਕਹਿਣੀ ਤਾਂ ਸੌਖੀ ਹੈ, ਪਰ ਰਹਿਣੀ ਔਖੀ ਹੈ। ਕੋਈ ਪੜ੍ਹੇ ਲਿਖੇ ਪੰਡਤ ਲੋਕ ਹੀ ਨਿੱਤਰ ਸਕਦੇ ਹਨ। ਤੱਦ ਬਾਬਾ ਜੀ ਨੇ ਫੁਰਮਾਇਆ—ਇਹ ਝੂਠ ਹੈ। ਸਗੋਂ ਪੰਡਤ ਲੋਕ ਤਾਂ ਵਿਦਿਆ ਹੰਕਾਰ ਨਾਲ ਭਰੇ ਰਹਿੰਦੇ ਹਨ। ਉਨ੍ਹਾਂ ਦਾ ਪੜ੍ਹਿਆ-ਸੁਣਿਆ ਬਹੁਤ ਕੁਝ ਵਿੱਵਹਾਰ ਦੀ ਸਿਧੀ ਲਈ ਹੁੰਦਾ ਹੈ। ਜੇਹੜੇ ਲੋਕੀ ਮਨ ਦੀ ਅਪਨੀ ਸੂਝ ਬੂਝ ਅਤੇ ਨਿਰਮਲਤਾਈ ਲਈ ਕੁਝ ਗਿਆਨ ਪੜ੍ਹਦੇ ਸੁਣਦੇ ਹਨ, ਉਹ ਬਹੁਤਾ ਵਿਰਕਤ ਜੀਵਨ ਤੇ ਉਦਾਸ ਬ੍ਰਿਤੀ ਹੀ ਰਖਦੇ ਹਨ। ਅਜਿਹਾਂ ਦੇ ਮਨ ਹੀ ਨਿਰਮਲ ਰਹਿ ਸਕਦੇ ਹਨ। ਇਉਂ ਸ੍ਰੀ ਬਾਬਾ ਜੀ ਨੇ ਆਪਣੇ ਫੁਫੜ ਜੈ ਰਾਮ ਜੀ ਨੂੰ ਨਿਹਾਲ ਕੀਤਾ, ਤੇ ਨਾਨੀ ਨਾਨਾ ਜੀ ਦੀ ਆਗਿਆ ਪਾ ਕੇ ਇਨ੍ਹਾਂ ਨਾਲ ਸੁਲਤਾਨ ਪੁਰ ਨੂੰ ਆਏ।

## ਸਤਿਗੁਰ ਨਾਨਕ ਜੀ ਦਾ ਆਗਮਨ

ਬਾਬਾ ਸ੍ਰੀ ਚੰਦ ਸੁਲਤਾਨ ਪੁਰ ਆ ਬਿਰਾਜੇ ਸਨ। ਇਹ ਆਪਣੇ ਕਈ ਬਾਲ ਸਖਾਈਆਂ ਨੂੰ ਵਿਛੋੜਾ ਦੇ ਗਏ ਸਨ। ਆ ਕੇ ਸਾਰਿਆਂ ਨੂੰ ਨਿਹਾਲ ਕੀਤਾ। ਵੈਸੇ ਵੀ ਬਹੁਤੇ ਸੁਲਤਾਨ ਪੁਰ ਵਾਸੀਆਂ ਦਾ ਗੁਰੂ ਨਾਨਕ ਜੀ ਨਾਲ ਪਿਆਰ ਸੀ। ਉਨ੍ਹਾਂ ਦੇ ਪੁਤਰ ਨਾਲ ਵੀ ਪਿਆਰ ਕਰਦੇ ਸਨ। ਬਾਬਾ ਸ੍ਰੀ ਚੰਦ ਜੀ ਨੂੰ ਅੱਖਰ ਬੋਧ ਤਾਂ ਪਹਿਲੇ ਪਿਤਾ ਜੀ ਨੇ ਕਰਾ ਦਿਤਾ ਸੀ। ਫੇਰ ਬੇਬੇ ਨਾਨਕੀ ਤੇ ਜੈ ਰਾਮ ਵੀ ਸਿਖਯਤ ਕਰਦੇ ਰਹੇ। ਇਥੇ ਪਖੋਕੇ ਵਿਚ ਤਿੰਨ ਸਾਲ ਰਹੇ। ਭਜਨ ਵੀ ਕਰਦੇ ਰਹੇ ਤੇ ਨਾਲੋ ਨਾਲ ਧਰਮ ਪੁਸਤਕਾਂ ਦਾ ਅਭਿਆਸ ਵੀ ਕੀਤਾ ਸੀ। ਹੁਣ ਫੇਰ ਸੁਲਤਾਨ ਪੁਰ ਆ ਕੇ ਜੈ ਰਾਮ ਜੀ ਵਲੋਂ ਪੜ੍ਹਾਈ ਦਾ ਪ੍ਰਬੰਧ ਕਰ ਦਿਤਾ ਗਿਆ। ਪਰ ਪੜ੍ਹਦੇ ਥੋੜ੍ਹਾ ਤੇ

ਸਿਮਰਨ ਵਿਚ ਵਧੇਰੇ ਜੁੜੇ ਰਹਿੰਦੇ ਸਨ।

ਇਥੇ ਆਇਆਂ ਵੀ ਕੁਝ ਸਾਲ ਬੀਤ ਗਏ ਪਰ ਆਪ ਦੇ ਪਿਤਾ ਜੀ ਨੂੰ ਪਰਦੇਸ ਗਏ ਅੱਠ ਸਾਲ ਤੋਂ ਉਤੇ ਹੋਣ ਲਗੇ ਸਨ। ਸਾਰੇ ਦਿਲੋਂ ਚਾਹੁੰਦੇ ਸਨ ਕਿ ਛੇਤੀ ਹੀ ਉਨ੍ਹਾਂ ਦੇ ਦਰਸ਼ਨ ਹੋਵਨ, ਪਰ ਬੇਬੇ ਨਾਨਕੀ ਜੀ ਨੂੰ ਵੀਰ ਦੇਖਨ ਦੀਆਂ ਤਾਂਘਾਂ ਬਹੁਤ ਵਧੀਕ ਸਨ, ਤੇ ਇਨ੍ਹਾਂ ਦਾ ਦਿਲ ਹਰ ਵੇਲੇ ਵੈਰਾਗ ਨਾਲ ਭਰਿਆ ਰਹਿੰਦਾ ਸੀ। ਅਜ ਕਲ ਦੀ ਤਰ੍ਹਾਂ ਡਾਕ ਤਾਰ ਦਾ ਸਿਲਸਿਲਾ ਹੁੰਦਾ ਤਾਂ ਦੋਹੀਂ ਪਾਸੀਂ ਚਿਠੀ ਪਤਰ ਜਾਰੀ ਰਖਦੇ। ਪਰ ਐਸਾ ਨ ਹੋਣ ਤੇ ਵੀ ਸ੍ਰੀ ਬੇਬੇ ਜੀ ਨੂੰ ਵਿਸ਼ਵਾਸ ਸੀ ਕਿ ਵੀਰ ਜੀ ਜਿਥੇ ਵੀ ਹਨ, ਰਬ ਉਨ੍ਹਾਂ ਦੇ ਨਾਲ ਹੈ। ਉਹ ਆਪ-ਨਿਰਭਉ ਨਿਰਵੈਰ ਦੇ ਉਪਾਸ਼ਕ ਹਨ। ਇਸ ਤੇ ਉਨ੍ਹਾਂ ਨੂੰ ਕਿਸੇ ਪਾਸੋਂ ਕੋਈ ਭੈ ਨਹੀਂ ਹੈ। ਪਰ ਸ੍ਰੀਰ ਧਾਰੀ ਨੂੰ ਪੈਂਡੇ ਪਿਆਂ ਜੰਗਲਾਂ ਪਹਾੜਾਂ ਤੇ ਜਲਾਂ ਥਲਾਂ ਵਿਚ ਕੀ ਕੀ ਔਖਿਆਈਆਂ ਪੇਸ਼ ਆਉਂਦੀਆਂ ਹਨ? ਚੇਤੇ ਆ ਜਾਣ ਤੇ ਬੇਬੇ ਜੀ ਕੰਬ ਜਾਇਆ ਕਰਦੇ ਕਿ ਅੱਠ ਸਾਲ ਹੋਏ ਹਨ, ਉਨ੍ਹਾਂ ਵਲੋਂ ਕੋਈ ਸੂ-ਬੂ ਨਹੀਂ ਸੀ ਮਿਲਦੀ। ਜਿਸ ਤੇ ਪਿਆਰੇ ਵੀਰ ਦੀ ਯਾਦ ਵਿਚ ਇਨ੍ਹੀਂ ਦਿਨੀਂ ਬਹੁਤ ਉਦਾਸ ਰਹਿੰਦੇ ਸਨ।

ਇਕ ਦਿਨ ਬੇਬੇ ਨਾਨਕੀ ਜੀ ਨੇ ਸਾਰਾ ਦਿਨ ਧਿਆਨ ਵਿਚ ਬਿਤਾ ਦਿਤਾ। ਨਿਕਾ ਮੋਟਾ ਘਰ ਦਾ ਕੰਮ ਤੁਲਸਾਂ ਕਰਦੀ ਰਹੀ। ਦਿਨ ਛੁਪਨ ਵੇਲੇ ਬੇਬੇ ਜੀ ਸੁਰਤ ਵਿਚ ਆਏ। ਪਰ ਅਜ ਬਹੁਤ ਪ੍ਰੇਮ ਵੈਰਾਗ ਨਾਲ ਭਰੇ ਚੌਂਕੇ ਵਿਚ ਬੈਠੇ ਸਨ। ਸੋਹਣੀ ਦਾਲ ਭਾਜੀ ਤਿਆਰ ਕੀਤੀ ਅਤੇ ਉਡੀਕ ਵਿਚ ਸਨ ਕਿ ਸ੍ਰੀ ਚੰਦ ਤੇ ਉਨ੍ਹਾਂ ਦੇ ਫੁਫੜ ਜੀ ਆਉਣ ਤਾਂ ਫੁਲਕਾ ਪਕਾਈਏ। ਕੁਝ ਕੰਮ ਕਰਦੀ ਤੁਲਸਾਂ ਬਾਹਰ ਵਿਹੜੇ ਵਿਚ ਸੀ, ਤੇ ਬੇਬੇ ਜੀ ਇਹ ਵੀ ਸੋਚਦੇ ਸਨ ਕਿ ਕਦੀ ਵੀਰ ਜੀ ਨੂੰ ਹਥੀਂ ਫੁਲਕਾ ਛਕਾਉਂਦੀ ਹੁੰਦੀ ਸਾਂ। ਉਹ ਆਪ ਵੀ ਆ ਜਾਂਦੇ ਯਾ ਸ੍ਰੀ ਚੰਦ ਬੁਲਾ ਲਿਆਇਆ ਕਰਦੇ ਸਨ। ਅਜ ਸ੍ਰੀ ਚੰਦ ਤਾਂ ਇਥੇ ਹਨ। ਸਗੋਂ ਅਗੇ ਨਾਲੋਂ ਸਿਆਣੇ ਹਨ, ਪਰ ਵੀਰ ਜੀ ਪਤਾ ਨਹੀਂ ਕਿਥੇ ਹਨ? ਉਹ ਕਿਵੇਂ ਆਉਣ? ਇਨ੍ਹਾਂ ਸੋਚਾਂ ਨੂੰ ਸੋਚਦੇ ਬੇਬੇ ਜੀ ਆਟਾ ਸੰਵਾਰ ਰਹੇ ਸਨ, ਤਾਂ ਅਚਨਚੇਤ ਬਾਹਰੋਂ ਤੁਲਸਾਂ ਦੀ ਅਵਾਜ਼ ਆਈ–ਬੇਬੇ ਜੀ ਵਧਾਈਆਂ ਹੋਣ! ਆਪ ਦੇ ਵੀਰ ਜੀ ਆਇ ਹਨ!

ਸਤਿਗੁਰੂ ਨਾਨਕ ਜੀ ਨੂੰ ਆਪਣੀ ਭੈਣ ਦੀ ਪ੍ਰੇਮ ਖਿੱਚਾਂ ਨੇ ਕਈ ਦਿਨਾਂ ਤੋਂ ਖਿੱਚ ਪਾਈ ਹੋਈ ਸੀ। ਉਹ ਕਿਥੋਂ ਟੁਰੇ ਤੇ ਕੇਹੜੇ ਰਾਂਹੀਂ ਅਪੜੇ, ਠੀਕ ਠੀਕ ਉਹੀ ਜਾਣਦੇ ਸਨ। ਪਰ ਬੇਬੇ ਨਾਨਕੀ ਜੀ ਨਾਲ ਕੀਤੇ ਬਚਨ ਨੂੰ ਛੇਤੀ ਹੀ ਪਾਲਣਾ ਸੀ। ਇਧਰ ਕਈ ਦਿਨਾਂ ਤੋਂ ਇਹ ਵਿਰਾਗੇ ਹੋਏ ਤੇ ਯਾਦ ਕਰ ਰਹੇ ਸਨ। ਉਧਰ ਗੁਰੂ ਜੀ ਨੂੰ ਅੰਤਰ ਆਤਮੇਂ ਲਿਵ ਤਾਰ ਵਿਚ ਤਾਰ ਖੜਕੀ। ਤਾਂ ਆਖਿਆ ਭੈਣ ਨੇ ਯਾਦ ਕੀਤਾ ਹੈ, ਚਲਣਾ ਹੈ। ਆਪ ਸੁਲਤਾਨ ਪੁਰ ਅਪੜੇ ਸਨ, ਤਦ ਤੁਲਸਾਂ ਦੀ ਅਵਾਜ਼ ਨੇ ਸੋਚਾਂ ਸੋਚਦੀ ਬੀ ਨਾਨਕੀ ਜੀ ਨੂੰ ਇਉਂ ਬਾਹਿਰ ਖਿਚ ਲਿਆਂਦਾ ਜਿਉਂ ਪਾਣੀ ਵਿਚੋਂ ਮੱਛੀ ਨੂੰ ਮਾਛੀਏ ਦੀ ਕੁੰਡੀ ਬਾਹਿਰ ਖਿਚ ਲਿਆਂਦੀ ਹੈ। ਮੱਛੀ ਤਾਂ ਤੜਫ ਤੜਫ ਕੇ ਮਰ ਜਾਂਦੀ ਹੈ ਪਰ ਬੇਬੇ ਜੀ ਤੜਫਦੀ ਹੋਈ ਨੂੰ ਮਾਨੋ ਜਿੰਦ ਪੈ ਗਈ ਸੀ। ਸਤਿਗੁਰੋਂ ਨੇ ਮੁਸਕਰਾ ਕੇ ਆਖਿਆ-ਬੇਬੇ ਜੀਓ! "ਸਤਿਕਰਤਾਰ" ਪਰ ਬੇਬੇ ਨਾਨਕੀ ਜੀ ਗੱਚ ਨਾਲ ਭਰੇ ਹੋਇ ਸਨ। ਥਥਿਆਂਦੇ ਹੋਇਆਂ ਸਹੀ ਕੁਝ ਬੋਲ ਨ ਸਕੇ। ਅਤੇ ਗੁਰੂ ਜੀ ਦੀ ਚਰਨੀਂ ਢਹਿ ਪਏ। ਸਤਿਗੁਰਾਂ ਨੇ ਛੇਤੀ ਨਾਲ ਉਠਾਇਆ–ਤੇ ਆਖਿਆ: ਉਲਟੀ ਗਲ ਕਿਉਂ ਕੀਤੀ ਜੇ?

ਬੇਬੇ ਨਾਨਕੀ ਜੀ ਉਤੇ ਇਸ ਵੀਰ ਮਿਲਾਪ ਦਾ ਬਹੁਤ ਅਸਰ ਹੋਇਆ। ਵਿਛੋੜੇ ਦੇ ਕਲੇਸ਼ ਕੀੜੇ ਜੋ ਕਲੇਜੇ ਨੂੰ ਕਟਦੇ ਸਨ ਉਹ ਪਾਣੀ ਰੂਪ ਹੋ ਕੇ ਅਖੀਆਂ ਰਾਹੀਂ ਵਹਿ ਤੁਰੇ ਸਨ। ਆਪ ਨੇ ਦੁਪੱਟੇ ਨਾਲ ਮੂੰਹ

ਪੁੱਛਿਆ ਤੇ ਵੀਰ ਉਤੋਂ ਦੀ ਹੱਥ ਘੁਮਾਣ ਲਗੇ। ਆਖਿਆ–ਸਦਕੇ ਜਾਵਾਂ, ਵੀਰ ਜੀਓ ! ਦਿਲ ਦੀਆਂ ਜਾਣੀਆਂ ਨੀ। ਸਬਰ ਦਾ ਘੁਟ ਚੋਖਾ ਭਰਿਆ ਹੈ। ਕਈ ਸਾਲ ਹੋਇ, ਨਹੀਂ ਬੁਲਾਇਆ ਸੀ। ਏਸ ਲਈ ਕਿ ਤੁਹਾਡੇ ਕੰਮਾਂ ਵਿਚ ਕਿਤੇ ਵਿਘਨ ਨ ਪਾ ਦੇਵਾਂ ? ਦਿਲੋਂ ਸਦ ਨਹੀਂ ਪਾਈ ਸੀ ਕਿ ਪਤਾ ਨਹੀਂ ਕੀਹਨੂੰ ਵਿਛੋੜ ਕੇ ਸਾਨੂੰ ਵਿਛੜਿਆਂ ਨੂੰ ਮਿਲੋਗੇ ? ਪਰ ਹੁਣ ਤਾਂ ਜਿਸ ਦਿਨ ਦਾ ਸ੍ਰੀ ਚੰਦ ਨੂੰ ਸੁਲਖਣੀ ਨਾਲੋਂ ਵਿਛੋੜਿਆ ਹੈ–ਪਤਾ ਨਹੀਂ ਉਹਦੇ ਵਿਛੋਹੇ ਦੇ ਬਿਛੂ ਸਾਰੇ ਮੈਨੂੰ ਹੀ ਚੰਬੜ ਗਏ ਹਨ ? ਆਪ ਦੀ ਯਾਦ ਨੇ ਅਜ ਤਾਂ ਬਿਹਾਲ ਕੀਤਾ ਹੋਇਆ ਸੀ। ਸਾਰਾ ਦਿਨ ਸੋਚਾਂ ਸੋਚਦੀ ਦਾ ਬੀਤਿਆ ਸੀ, ਕਿ ਤੁਲਸਾਂ ਦੀ ਅਵਾਜ਼ ਨੇ ਜਿੰਦ ਪਾ ਦਿਤੀ ਹੈ। ਵੀਰ ਜੀਓ ! ਭਲਾ ਹੋਵੀ, ਜੀਓ ਆਇਆਂ, ਨੂੰ ! ਇਉਂ ਆਖਦੀ ਹੋਈ ਬੇਬੇ ਜੀ ਨੇ ਕਾਹਲੀ ਕਾਹਲੀ ਪਲੰਘ ਵਿਛਾਇਆ, ਤੇ ਆਦਰ ਨਾਲ ਗੁਰੂ ਜੀ ਨੂੰ ਬਿਠਾਇਆ। ਤਿਵੇਂ ਹੀ ਭਾਈ ਬਾਲਾ–ਮਰਦਾਨਾ ਦਾ ਸਤਿਕਾਰ ਕੀਤਾ ਤੇ ਉਨ੍ਹਾਂ ਵੀ ਮਥੇ ਟੇਕੇ, ਅਸੀਸਾਂ ਪਾਈਆਂ।

ਬਾਬਾ ਸ੍ਰੀ ਚੰਦ ਜੀ ਨੂੰ ਤਾਂ ਮਾਨੋ ਨੌਂ ਨਿਧੀ ਪ੍ਰਾਪਤੀ ਹੋਈ। ਇਨ੍ਹਾਂ ਨੇ ਆ ਕੇ ਪਿਤਾ ਜੀ ਦੇ ਚਰਨੀ ਸੀਸ ਰਖਿਆ ਤੇ ਡੰਡਉਤ ਕੀਤੀ ਮਾਨੋ ਚਰਨਾਂ ਨਾਲ ਚਿਮਟ ਗਏ, ਤੇ ਆਪਣੇ ਆਪ ਨਹੀਂ ਉਠੇ। ਇਨ੍ਹਾਂ ਦਾ ਮੱਸਤਕ ਸਮਾਧੀਆਂ ਵਿਚ ਧਿਆਨ ਧਰ ਧਰ ਕੇ ਧੁਖਿਆ ਪਿਆ ਸੀ, ਅਜ ਠਾਰਨਾ ਕੀਤਾ। ਗੁਰੂ ਜੀ ਨੇ ਪਿਆਰੇ ਪੁਤਰ ਦਾ ਸੀਸ ਚੁਕਿਆ, ਗਲੇ ਨਾਲ ਲਾ ਕੇ, ਫੇਰ ਪਾਸ ਬਹਾਇਆ। ਜੈ ਰਾਮ ਜੀ ਨੂੰ ਬਾਹਰੋਂ ਪਤਾ ਹੋਇਆ ਤਾਂ ਉਹ ਵੀ ਇਵੇਂ ਖਿੱਚੇ ਆਏ ਜਿਵੇਂ ਅਕਾਸ਼ ਚੜ੍ਹੀ ਗੁਡੀ ਖਿੱਚੀ ਆਉਂਦੀ ਹੈ। ਇਨ੍ਹਾਂ ਦੀਆਂ ਅੱਖਾਂ ਤਰਸਦੀਆਂ ਸਨ। ਦਰਸ਼ਨ ਕਰਕੇ ਠਾਰੀਆਂ ਤੇ ਚਰਨੀ ਸੀਸ ਝੁਕਾਇਆ, ਪਰ ਇਹ ਲਾਭ ਇਨ੍ਹਾਂ ਨੂੰ ਲੈਣ ਨ ਦਿਤਾ ਗਿਆ ਸਗੋਂ ਹਥ ਜੋੜ ਤੇ ਆਪ ਨਿਉਂ ਕੇ ਗੁਰੂ ਜੀ ਨੇ ਆਦਰ ਕੀਤਾ, ਅਤੇ ਮੰਜੇ ਉਤੇ ਸਜੇ ਪਾਸੇ ਨਾਲ ਬਹਾਇਆ।

ਗੁਰੂ ਜੀ ਦਾ ਦਰਸ਼ਨ ਕਰਕੇ ਇਹ ਸਾਰੇ ਬਲਿਹਾਰ ਹੋ ਰਹੇ ਤੇ ਚੁਪ ਕੀਤੇ ਪਾਸ ਬੈਠੇ ਸਨ। ਥੋੜੇ ਚਿਰ ਪਿਛੋਂ ਜੈ ਰਾਮ ਜੀ ਨੇ ਆਖਿਆ–ਵੱਡਾ ਜੇਰਾ ਕੀਤਾ ਜੇ ? ਇਹ ਉਮੀਦ ਨਹੀਂ ਸੀ ਕਿ ਆਪ ਜੀ ਬਚਿਆਂ ਨੂੰ ਵੀ ਵਿਸਾਰ ਦਿਉਗੇ। ਆਪ ਨੇ ਬੜਾ ਜਿਗਰਾ ਤੇ ਹੱਠ ਕੀਤਾ ਹੈ, ਪਰ ਜਿਵੇਂ ਆਪ ਦੀ ਰਜ਼ਾ। ਸਤਿਗੁਰਾਂ ਆਖਿਆ ਕਰਤਾਰ ਦੀ ਕਾਰ ਵਿਚ ਲਗੇ ਰਹੇ ਹਾਂ। ਜਦ ਬੇਬੇ ਜੀ ਨੇ ਯਾਦ ਕੀਤਾ ਆ ਅਪੜੇ ਹਾਂ–ਤੁਸੀਂ ਸੁਣਾਓ ਜੀਜਾ ਜੀ ! ਅਨੰਦ ਪ੍ਰਸੰਨ ਤਾਂ ਰਹੇ ਹੋ ? ਇਹ ਸੁਣ ਕੇ ਜੀਜਾ ਜੀ ਦੀਆਂ ਅੱਖਾਂ ਭਰ ਆਈਆਂ–ਤਾਂ ਆਖਣ ਲਗੇ ਸ੍ਰੀ ਨਾਨਕ ਜੀ ! ਸਾਡੀ ਪ੍ਰਸੰਨਤਾ ਤਾਂ ਤੁਹਾਡੀ ਰਜ਼ਾ ਦੇ ਅਧੀਨ ਹੈ। ਆਪ ਤੋਂ ਵਿਛੜੇ ਹੋਏ ਅਸੀਂ ਕਿਵੇਂ ਪ੍ਰਸੰਨ ਰਹਿ ਸਕਦੇ ਹਾਂ ? ਅਸੀਂ ਮਨ ਆਪਣੇ ਤਾਂ ਆਪ ਦੇ ਨਾਲ ਟੋਰੇ ਸਨ ਪਰ ਤਨ ਇਥੇ ਹੀ ਤੜਪਦੇ ਰਹੇ। ਅਜ ਆਪ ਆਏ, ਤਦ ਸਾਡੇ ਮਨ ਵੀ ਟਿਕਾਣੇ ਆ ਗਏ ਹਨ, ਹੁਣ ਪ੍ਰਸੰਨਤਾ ਨਾਲ ਭਰ ਗਏ ਹਾਂ। ਫੇਰ ਵਿੱਥਾਂ ਨਾ ਪਾਣੀਆਂ।

ਸਤਿਗੁਰੂ ਨਾਨਕ ਇਨ੍ਹਾਂ ਸਾਰਿਆਂ ਦੀਆਂ ਸ਼ੁਭ ਖਾਹਸ਼ਾਂ ਨੂੰ ਜਾਣਦੇ ਸਨ। ਇਨ੍ਹਾਂ ਦੇ ਪ੍ਰੇਮ ਨੂੰ ਸਚਾ ਸੁੱਚਾ ਪ੍ਰੇਮ ਸਮਝਦੇ ਸਨ। ਪਰ "ਹੁਕਮ ਰਜਾਈ ਚਲਣਾ" ਸੀ। ਆਪਣੀ ਜਾਚੇ ਥੋੜਾ ਹੀ ਪੰਧ ਅਜੇ ਕਟਿਆ ਸੀ–ਬਹੁਤ ਪੈਂਡਾ ਹੋਰ ਚਲਣਾ ਰਹਿੰਦਾ ਸੀ। ਪਰ ਕੀਤੇ ਬਚਨਾਂ ਵਿਚ ਬੱਧੇ ਹੋਏ ਤੇ ਪ੍ਰੇਮ ਖਿਚਾਂ ਦੇ ਖਿੱਚੇ ਆਏ ਸਨ- ਕਿਹਾ– ਬੇਬੇ ਜੀਓ ! ਬੜੀ ਦੂਰੋਂ ਆਏ ਹਾਂ। ਭੁੱਖ ਲਗੀ ਹੈ। ਪ੍ਰਸ਼ਾਦਾ ਛਕਾਉ, ਜਿਵੇਂ ਅਗੇ ਛਕਾਇਆ ਕਰਦੇ ਸੀ। ਬੇਬੇ ਨਾਨਕੀ ਜੀ ਖਿੜ ਗਏ। ਕੁੱਝ ਅਗੇ ਤਿਆਰ ਕੀਤਾ ਪਿਆ ਸੀ। ਛੇਤੀ ਹੀ ਕੁਝ ਹੋਰ ਚੀਜ਼ਾਂ ਬਣਾਈਆਂ। ਫੁਲਕੇ ਪਕਾਏ ਤੇ ਸਾਰਿਆਂ ਨੂੰ ਇਕੋ ਪੰਗਤ ਵਿਚ ਬਿਠਾ ਕੇ ਪ੍ਰਸ਼ਾਦਾ ਛਕਾਇਆ। ਇਹ ਸਾਲ–ਸੰਮਤ 1566 ਅਤੇ 15 ਪੋਹ ਮਹੀਨਾ ਸੀ ਕਿ ਗੁਰੂ ਜੀ ਪਹਿਲੀ ਉਦਾਸੀ ਪੂਰੀ ਕਰ ਕੇ ਸੁਲਤਾਨ ਪੁਰ ਆਏ।

# ਸ੍ਰੀ ਚੰਦ ਜੀ ਨੂੰ ਉਪਦੇਸ਼

ਪ੍ਰਸ਼ਾਦਾ ਛਕਣ ਮਗਰੋਂ ਸਤਿਗੁਰਾਂ ਨੇ ਕੁਝ ਅਰਾਮ ਕੀਤਾ। ਫੇਰ ਬੇਬੇ ਜੀ ਤੇ ਜੀਜਾ ਜੀ ਨਾਲ ਬਚਨ ਬਿਲਾਸ ਕਰਦੇ ਰਹੇ। ਉਨ੍ਹਾਂ ਦੀਆਂ ਕਈ ਪੁਛਾਂ ਦੇ ਉਤਰ ਦਿਤੇ ਕਿ ਕਿਥੇ ੨ ਗਏ ਅਤੇ ਕੀ ਕੁਝ ਕਰਤਾਰ ਨੇ ਕਾਰ ਕਰਾਈ ? ਫੇਰ ਬੇਬੇ ਜੀ ਪਾਸੋਂ ਸਾਰੇ ਪਿਛੋਂ ਦੇ ਸਮਾਚਾਰ ਅਤੇ ਆਪਣੇ ਮਾਤਾ ਪਿਤਾ ਜੀ ਦੇ ਹਾਲ ਵੀ ਪੁਛੇ ਤੇ ਪਖੋਕੇ ਦਾ ਜ਼ਿਕਰ ਵੀ ਸੁਣਿਆ।

ਚਿੱਰਾਂ ਪਿਛੋਂ ਮਿਲੇ ਸਨ। ਬੇਬੇ ਜੀ ਨੇ ਭਾਈ ਬਾਲਾ ਮਰਦਾਨਾ ਜੀ ਪਾਸੋਂ ਵੀ ਬਹੁਤ ਕੁਝ ਗੱਲਾਂ ਪੁਛੀਆਂ। ਜੋ ਜੋ ਸਫਰ ਵਿਚ ਔਕੜਾਂ ਪੇਸ਼ ਆਈਆਂ, ਤੇ ਜੋ-ਜੋ ਗੁਰੂ ਜੀ ਦੀਆਂ ਆਤਮਕ ਜਿੱਤਾਂ ਹੋਈਆਂ, ਉਹ ਕੁਝ ਹਾਲ ਇਨ੍ਹਾਂ ਨੇ ਨਿਰਨੇ ਨਾਲ ਸੁਣਾ ਕੇ ਸਾਰਿਆਂ ਨੂੰ ਨਿਹਾਲ ਕੀਤਾ। ਇਸੇ ਤਰ੍ਹਾਂ ਸੁਲਤਾਨ ਪੁਰ ਦੇ ਹੋਰ ਕਈ ਪ੍ਰੇਮੀਆਂ ਸ਼ਰਧਾਲੂਆਂ ਨੇ ਸੁਣਿਆ ਤਾਂ ਆਕੇ ਦਰਸ਼ਨ ਕੀਤੇ। ਸਤਿਗੁਰਾਂ ਨੇ ਅਮੋਲਕ ਬਚਨ ਸੁਣਾ ਕੇ ਸਾਰਿਆਂ ਨੂੰ ਨਿਹਾਲ ਕੀਤਾ ਤੇ ਸੌਂ ਜਾਣ ਨੂੰ ਆਖਿਆ--ਸ੍ਰੀ ਚੰਦ ਜੀ ਨੂੰ ਅਜੇ ਪਾਸ ਹੀ ਬਿਠਾਈ ਰਖਿਆ ਤੇ ਕੁਝ ਕਹਿੰਦੇ ਸੁਣਦੇ ਰਹੇ।

ਇਕਾਂਤ ਦਾ ਸਮਾਂ ਸੀ। ਅੱਠ ਸਾਲਾਂ ਪਿਛੋਂ ਪਿਤਾ ਪੁਤਰ ਮਿਲੇ ਸਨ, ਇਨ੍ਹਾਂ ਨੂੰ ਸਨਮੁਖ ਬਿਠਾ ਕੇ ਕਈ ਪੁੱਛਾਂ ਪੁਛਦੇ, ਤੇ ਪ੍ਰਭਾਤ ਹੋਣ ਤਕ ਕੁਝ ਸਿਖਿਆ ਸਮਝਾਂਦੇ ਰਹੇ, ਆਪ ਦੋਹਾਂ ਥੀਂ ਬਿਨਾਂ ਤੀਜੇ ਕਿਸੇ ਨੂੰ ਕਝ ਪਤਾ ਨਹੀਂ ਸੀ ਕਿ ਇਸ ਗੱਲ ਬਾਤ ਵਿਚ ਕੀ ਕੁਝ ਦੋਹਾਂ ਨੇ ਕਿਹਾ ਸੁਣਿਆ ਸੀ ? ਪਰ ਬਾਲਾ ਮਰਦਾਨਾ ਜੀ ਨੇ ਜ਼ਰੂਰ ਵੇਖਿਆ ਕਿ ਰਾਤ ਵੇਲੇ ਗੁਰੂ ਜੀ ਦੀ ਰੀਸੇ ਉਹ ਵੀ ਉਠ ਬੈਠਿਆ ਕਰਦੇ ਸਨ।

ਬਾਬਾ ਸ੍ਰੀ ਚੰਦ ਜੀ ਦੀ ਉਮਰ ਇਸ ਵੇਲੇ 15 ਸਾਲਾਂ ਤੋਂ ਉਤੇ ਦੀ ਸੀ, ਇਹ ਕਈ ਕਈ ਦਿਨ ਦੀ ਸਮਾਧੀਆਂ ਲਾ ਕੇ ਬੈਠਣ ਦੇ ਅਭਿਆਸੀ ਸਨ। ਪਿਤਾ ਸ੍ਰੀ ਨਾਨਕ ਜੀ ਨੇ ਪਹਿਲੀ ਵੇਰ ਅਜ ਪ੍ਰਭਾਤ ਸਮੇਂ ਤੀਕ ਇਨ੍ਹਾਂ ਨੂੰ ਅਡੋਲ ਬੈਠੇ ਦੇਖਿਆ ਸੀ। ਗੁਰੂ ਜੀ ਬਹੁਤ ਖੁਸ਼ ਹੋਏ, ਤੇ ਨਾਲ ਲਿਜਾ ਕੇ ਵੇਈਂ ਵਿਚ ਅਸ਼ਨਾਨ ਕਰਾ ਕੇ ਦਿਨ ਚੜ੍ਹੇ ਤੀਕ ਉਥੇ ਹੀ ਸਮਾਧੀ ਲਾ ਕੇ ਬੈਠੇ ਰਹੇ, ਫੇਰ ਘਰ ਆਏ ਤੇ ਇਸ ਤਰ੍ਹਾਂ ਕੁਝ ਦਿਨ ਰਹਿ ਕੇ ਸਾਰਿਆਂ ਨੂੰ ਨਿਹਾਲ ਕੀਤਾ। ਟੁਰਨ ਵੇਲੇ ਸਾਰਿਆਂ ਨੂੰ ਅਸੀਸਾਂ ਦਿਤੀਆਂ ਤੇ ਸਤਿ ਕਰਤਾਰ ਬੁਲਾ ਕੇ ਚਾਲੇ ਪਾ ਦਿਤੇ। ਅਜੇ ਰੱਜ ਕੇ ਲੋਕਾਂ ਨੇ ਦਰਸ਼ਨ ਵੀ ਨਹੀਂ ਕੀਤੇ ਸਨ, ਪਰ ਕਰਤਾਰ ਵਲੋਂ ਹੁਕਮ ਹੋਇਸਾ ਦਸ ਕੇ ਦੂਜੀ ਉਦਾਸੀ ਨੂੰ ਟੁਰ ਗਏ। ਆਪ ਜੀ ਜਦੋਂ ਤੀਕ ਦਿਸਦੇ ਰਹੇ, ਬੇਬੇ ਜੀ ਹੱਥ ਘੁਮਾਂਦੇ ਰਹੇ। ਉਹਲੇ ਹੋਣ ਤੇ ਪਤਾ ਨਹੀਂ ਸਤਿਗੁਰੂ ਜੀ ਕਿਥੇ ਜਾ ਅਪੜੇ ਸਨ ?

# ਬਾਬਾ ਸ੍ਰੀ ਚੰਦ ਜੀ ਫੇਰ ਨਾਨਕੇ ਘਰ ਆ ਗਏ

ਗੁਰੂ ਨਾਨਕ ਪਿਤਾ ਜੀ ਦੇ ਦੂਜੀ ਉਦਾਸੀ ਚਲੇ ਜਾਣ ਮਗਰੋਂ ਬਾਬਾ ਸ੍ਰੀ ਚੰਦ ਬਹੁਤ ਚਿਰ ਸੁਲਤਾਨ ਪੁਰ ਹੀ ਰਹੇ। ਆਪ ਜੀ ਦੇ ਇਥੋਂ ਦੇ ਕੋਤਕ ਚਮਤਕਾਰ ਲਿਖਣ ਲਗੀਏ ਤਾਂ ਪੁਸਤਕ ਬਹੁਤ ਵਧ ਜਾਂਦੀ ਹੈ। ਏਸ ਲਈ ਸੰਕੋਚ ਕਰਨਾ ਬਣਦਾ ਹੈ। ਆਪ ਜੀ ਆਪਣੇ ਗੁਰੂ ਪਿਤਾ ਦੇ ਸਿਖਾਏ ਸਮਝਾਏ "ਅਗਮ ਨਿਗਮ" ਦੀ ਸੋਝੀ ਵਾਲੇ ਗੁਹਜ ਗਿਆਨ ਦੇ ਭੰਡਾਰ ਹੋ ਚੁਕੇ ਸਨ, ਬੁਧੀ ਬਲ ਧੁਰ ਤੋਂ ਪ੍ਰਾਪਤ ਸੀ। ਨਾਮ ਸਿਮਰਨ ਦੇ ਨਾਲ ਨਾਲ ਆਪ ਜੀ ਨੂੰ ਧਾਰਮਕ ਪੁਸਤਕਾਂ ਪੋਥੀਆਂ ਪੜ੍ਹਨ ਦਾ ਸੁਭਾਉ ਵੀ ਪੈ ਚੁਕਾ ਸੀ। ਇਸੇ ਕਰਕੇ ਹਿੰਦੂ ਮਤ ਸਿਧਾਂਤਾਂ ਵਲ ਇਨ੍ਹਾਂ

ਦਾ ਝੁਕਾਓ ਜ਼ਿਆਦਾ ਬਣ ਗਿਆ ਸੀ। ਆਪ ਸਨਾਤਨ ਪੁਰਾਤਨ ਰਿਸ਼ੀਆਂ ਵਾਂਗੂੰ ਜਟਾ-ਜੂਟ ਰਹਿੰਦੇ ਸਨ ਅਤੇ ਦੂਜਿਆਂ ਨੂੰ ਦੇਖਕੇ ਖੁਸ਼ ਹੁੰਦੇ ਸਨ। ਜਿਥੇ ਬਾਬਾ ਜੀ ਹਿੰਦੀ ਸੰਸਕ੍ਰਿਤ ਗਰੰਥਾਂ ਨੂੰ ਪੜ੍ਹਦੇ ਵੀਚਾਰਦੇ, ਉਥੇ ਗੁਰੂ ਪਿਤਾ ਵਲੋਂ ਲਿਖਾਏ ਸਿਖਾਏ ਸ਼ਬਦਾਂ ਨੂੰ ਪੜ੍ਹਦੇ ਕੰਠ ਕਰਦੇ ਅਤੇ ਗੁਰੂ ਗਿਆਨ ਨੂੰ ਪ੍ਰਚਾਰਦੇ ਰਹਿੰਦੇ।

ਗੁਰੂ ਜੀ ਦੇ ਹੁਣ ਦੂਜੀ ਉਦਾਸੀ ਚਲੇ ਜਾਣ ਪਿਛੋਂ ਬਾਬਾ ਸ੍ਰੀ ਚੰਦ ਜੀ ਨੂੰ ਸੁਲਤਾਨ ਪੁਰ ਫੇਰ ਸਵਾ ਸਾਲ ਹੋਣ ਲਗਾ ਸੀ। ਇਨ੍ਹਾਂ ਦੇ ਲਿਆਉਣ ਨੂੰ ਨਾਨਾ ਨਾਨੀ ਜੀ ਨੇ ਫੇਰ ਦੋ ਤਿੰਨ ਕਾਮੇ ਭੇਜੇ ਸਨ। ਪਰ ਬੇਬੇ ਜੀ ਨੇ ਨਹੀਂ ਟੋਰੇ ਸਨ। ਉਧਰ ਮਾਤ ਸੁਲਖਣੀ ਜੀ ਤੇ ਲਖਮੀ ਚੰਦ ਵੀ ਓਦਰੇ ਪਏ ਸਨ। ਜਿਸ ਤੇ ਸ੍ਰੀ ਮੂਲ ਚੰਦ ਜੀ ਫੇਰ ਆਪ ਸੁਲਤਾਨ ਪੁਰ ਆਏ ਅਤੇ ਜੈ ਰਾਮ ਤੇ ਬੇਬੇ ਜੀ ਨੂੰ ਅਪਨੇ ਸੁਭਾ ਮੁਤਾਬਿਕ ਗੁਸੇ ਵਿਚ ਇਹ ਆਖਿਆ– ਸੁਣਿਆ ਹੈ–ਨਾਨਕ ਚੰਦ ਇਥੇ ਆਇਆ ਸੀ ਤੇ ਕਈ ਦਿਨ ਰਹਿ ਗਿਆ ਹੈ। ਜੇ ਇਕ ਰਾਤ ਉਥੇ ਵੀ ਰਹਿ ਜਾਂਦਾ ਤਾਂ ਅਸਾਂ ਕੁਝ ਮੰਗਣਾ ਨਹੀਂ ਸੀ। ਪਰ ਉਹਦਾ ਆਪਣਾ ਦਿਲ ਤੇ ਸਾਡਾ ਆਪਣਾ ਹੈ। ਇਉਂ ਆਖ ਕੇ ਸ੍ਰੀ ਚੰਦ ਜੀ ਦੇ ਨਾਲ ਲੈ ਜਾਣ ਦੀ ਦਸੀ। ਜੋ ਇਨ੍ਹਾਂ ਨੂੰ ਮਨਾ ਲਿਆ ਤੇ ਦੂਜੀ ਵੇਰ 13 ਵਸਾਖ ਸੰਮਤ 1567 ਨੂੰ ਸ੍ਰੀ ਚੰਦ ਜੀ ਅਪਨੇ ਨਾਨੇ ਮੂਲ ਚੰਦ ਨਾਲ ਪਖੋਕੇ ਵਿਚ ਆਏ।

ਬਾਬਾ ਸ੍ਰੀ ਚੰਦ ਹੁਣ ਚੰਗੇ ਗਭਰੂ ਦਿਸਦੇ ਸਨ। ਇਨ੍ਹਾਂ ਦਾ ਸ਼੍ਰੀਰ ਭਰਿਆ ਤੇ ਕਦ ਬੁਤ ਦਰਮਿਆਨਾ ਸੀ। ਬੁਧੀ ਬਲ ਵੀ ਅਗੇ ਨਾਲੋਂ ਬਹੁਤ ਵਧੀਕ ਸੀ। ਇਹ ਉਮਰ ਕਰ ਕੇ 16 ਸਾਲਾਂ ਦੇ ਪਰ ਅਜ ਕਲ ਦੇ 20 ਸਾਲਾਂ ਦੇ ਮੁੰਡਿਆਂ ਥੀਂ ਤਕੜੇ ਤੇ ਨਿਖਰੇ ਹੋਇ ਦਿਸਦੇ ਸਨ। ਕਿਉਂਕਿ ਅਪਣੇ ਪਿਤਾ ਜੀ ਵਾਂਗੂੰ ਸਦਾ ਹਸ ਮੁਖ ਅਤੇ ਅਜ਼ਾਦੀ ਦਾ ਫਿਰਨਾ ਪਸੰਦ ਕਰਦੇ ਸਨ। ਇਹ ਆਪਣਾ ਨਵਾਂ ਜੀਵਨ ਜੀਣ ਦੀ ਜੋ ਪਿਤਾ ਜੀ ਪਾਸੋਂ ਜਾਚ ਸਿਖ ਆਏ ਸਨ, ਹੁਣ ਉਸ ਤੇ ਵਧੇਰੇ ਅਮਲ ਕਰਨਾ ਅਰੰਭ ਕਰ ਦਿਤਾ ਸੀ।

## ਬਾਬਾ ਸ੍ਰੀ ਚੰਦ ਜੀ ਦਾ ਨਿਤ ਕਰਮ ਤੇ ਸਤਿਸੰਗ

ਆਪ ਅੰਮ੍ਰਿਤ ਵੇਲੇ ਉਠ ਕੇ ਅਸ਼ਨਾਨ ਕਰਦੇ। ਫੇਰ ਸਮਾਧੀ ਲਾ ਬੈਠਦੇ, ਦਿਨ ਚੜ੍ਹੇ ਪਖੋਕੀ-ਦੀ ਧਰਮਸਾਲੇ ਚਲੇ ਜਾਂਦੇ। ਅਗੇ ਲੋਕੀ ਉਡੀਕਦੇ ਹੁੰਦੇ ਤੇ ਇਨ੍ਹਾਂ ਦੇ ਵਿਚਾਰ ਸੁਣਦੇ। ਸਤਿਸੰਗ ਹੁੰਦਿਆਂ ਇਨ੍ਹਾਂ ਅਗੇ ਦੁਧ-ਦਹੀਂ ਅਤੇ ਅੰਨ ਗੁੜ ਤੇ ਗਾਹੜੇ ਕਪੜੇ ਦੇ ਚੜ੍ਹਾਵੇ ਵੀ ਚੜ੍ਹਨ ਲਗੇ। ਪਰ ਆਪ ਕੋਈ ਚੀਜ਼ ਘਰ ਨ ਲਿਜਾਂਦੇ ਅਤੇ ਉਥੇ ਹੀ ਕਈ ਦਿਨਾਂ ਦੀ ਜਿਨਸ ਦਾ ਭੰਡਾਰਾ ਕਰ ਦਿੰਦੇ ਸਨ। ਜੋ ਨੰਗਾ ਤੇ ਗ੍ਰੀਬ ਦੇਖਦੇ ਉਹਨੂੰ ਖਦਰ ਵੀ ਵੰਡ ਦਿਆ ਕਰਦੇ। ਇਸੇ ਤਰ੍ਹਾਂ ਇਨ੍ਹਾਂ ਦੀ ਉਦਾਰਤਾ ਨੂੰ ਦੇਖ ਦੇਖ ਲੋਕੀ ਬਹੁਤ ਹੀ ਸ਼ਰਧਾਲੂ ਹੋਣ ਲਗ ਪਏ ਸਨ। ਇਥੋਂ ਤੀਕ ਕਿ ਇਨ੍ਹਾਂ ਦਾ ਪ੍ਰਤਾਪ ਵਧਦਾ ਵੇਖ ਵੇਖ ਇਨ੍ਹਾਂ ਦੇ ਨਾਨੇ ਮੂਲ ਚੰਦ ਦਾ ਵੱਟ ਵੀ ਘੱਟਨ ਲਗਾ ਸੀ। ਉਹ ਵੀ ਲੋਕਾਂ ਨਾਲ ਜੁੜ ਕੇ ਸ਼ਰਮੋ ਕੁਸ਼ਰਮੀ ਧਰਮ ਸਾਲ ਦੇ ਸਾਂਝੇ ਲੰਗਰ ਵਿਚ ਹਿਸਾ ਪਾਣ ਲਗੇ, ਤੇ ਸੈਂਕੜੇ ਗ੍ਰੀਬਾਂ ਨੂੰ ਖਾਂਦੇ ਵੇਖ ਵੇਖ ਇਨ੍ਹਾਂ ਦੀ ਆਤਮਾ ਵੀ ਪਲਟਾ ਖਾਣ ਲਗ ਪਈ ਸੀ। ਧਰਮ ਸਾਲ ਵਿਚ ਦਿਨੋ ਦਿਨ ਬਾਬਾ ਜੀ ਦਾ ਸਤਿਸੰਗ ਵਧਨ ਲਗਾ। ਲੋਕੀ ਇਨ੍ਹਾਂ ਦੀ ਬਲ ਬੁਧੀ ਤੇ ਵਿਚਾਰਾਂ ਨੂੰ ਬਹੁਤ ਸਲਾਂਹੁੰਦੇ। ਕਈ ਸਿਆਣੇ ਇਉਂ ਵੀ ਆਖਦੇ ਕਿ–ਪੁਤ ਤਾਂ ਗੁਰੂ ਨਾਨਕ ਦਾ ਹੀ ਹੈ–ਜਿਨ੍ਹਾਂ ਨੇ ਨਿੱਕੀ ਉਮਰੇ ਹੀ ਪੰਡਤਾਂ ਤੇ ਨਿਮਾਜ਼ੀ ਮੌਲਵੀਆਂ ਨੂੰ ਵੀ ਗਿਆਨ ਕਰਾਇਆ ਸੀ। ਇਸ ਨੇ ਵੀ ਇਹੋ ਕੰਮ ਕਰਨਾ ਹੈ। ਹੋਰ "ਨਾਨੇ-ਦਾਦੇ" ਵਾਂਗੂੰ ਲੋਕਾਂ ਦੀਆਂ ਪੈਲੀਆਂ ਤੇ ਨਹੀਂ ਮਾਪਣੀਆਂ, ਕਿ ਕਿੰਨੀ ਕਿਸੇ ਦੀ ਵੱਧ ਗਈ ਯਾ ਨਾਲ ਲਗਦੇ ਦੀ ਘਟ ਗਈ ਹੈ ? ਇਸਨੇ ਤਾਂ ਅਪਣੇ ਪਿਤਾ ਵਾਂਗੂੰ ਲੋਕਾਂ ਦੇ ਦਿਲ ਮਾਪਣੇ ਹਨ, ਤੇ ਇਹ ਦਸਨਾ ਹੈ, ਕਿ ਮਨੁਖ

ਜਨਮ ਪਾਕੇ ਪਰਮੇਸ਼ਰ ਦੇ ਨੇੜੇ ਕੀਕੂੰ ਹੋ ਸਕੀ ਦਾ ਹੈ ਅਤੇ ਦੂਰ ਕਿਵੇਂ ਸੁਟੀ ਦਾ ਹੈ ? ਇਹ ਚਰਚਾ ਪਖੋਕੇ ਵਿਚ ਅਤੇ ਦੂਰ ਨੇੜੇ ਚਲੀ ਰਹਿੰਦੀ ਸੀ।

ਇਕ ਦਿਨ ਧਰਮ ਸਾਲ ਵਿਚ ਸੰਗਤ ਜੁੜੀ ਬੈਠੀ ਸੀ। ਸ੍ਰੀ ਬਾਬਾ ਜੀ ਦਾ ਮਨੋਹਰ ਉਪਦੇਸ਼ ਹੋ ਰਿਹਾ ਸੀ। ਤਾਂ ਉਹਾ "ਬਿਸ਼ਨ ਦਾਸ ਪੰਡਤ" ਜੋ ਅਗੇ ਜੰਗਲ ਵਿਚ ਮਿਲਿਆ ਸੀ, ਅਜ ਫੇਰ ਆ ਕੇ ਸੁਣਨ ਲਗਾ। ਸ੍ਰੀ ਬਾਬਾ ਜੀ ਅਗੇ ਬਹੁਤ ਕੁਝ ਚੜ੍ਹਤ ਚੜ੍ਹਾਵਾ ਦੇਖ ਕੇ ਇਹਦਾ ਮਨ ਕੁਝ ਸੰਸੇ ਨਾਲ ਭਰਿਆ ਗਿਆ। ਇਸ ਨੇ ਖਿਆਲ ਕੀਤਾ ਕਿ ਮੈਂ–ਵੇਦ ਪਾਠੀ–ਖਟ ਸ਼ਾਸਤ੍ਰੀ ਅਤੇ ਪੁਰਾਣਾਂ ਦਾ ਗਿਆਤਾ ਪੰਡਤ ਹਾਂ। ਇਤਨੀ ਪੂਜਾ ਤੇ ਇਤਨਾ ਮਾਨ ਸਤਿਕਾਰ ਮੇਰਾ ਕਦੀ ਨਹੀਂ ਹੋਇਆ, ਜਿਤਨਾ ਇਸ ਨਵੀਂ ਉਮਰ ਦੇ ਬਾਬੇ ਦਾ ਹੈ, ਕੀ ਕਾਰਣ ਹੈ ? ਸ੍ਰੀ ਬਾਬਾ ਜੀ ਨੇ ਇਹਦੀ ਕਲਪਣਾਂ ਨੂੰ ਜਾਣ ਲਿਆ ਤੇ ਇਉਂ ਫੁਰਮਾਇਆ––

ਪੰਡਤ ਜੀ ! ਆਪ ਜੀ ਨੇ ਵਿਦਿਆ ਦੀ ਸਾਰ ਵਸਤੂ "ਜਪ ਤਪ" ਨਾਲ ਪਿਆਰ ਨਹੀਂ ਕੀਤਾ। ਭਗਤੀ ਕਰਕੇ ਪ੍ਰਭਾਵ ਅਤੇ ਤਪ ਕਰਕੇ ਤੇਜ ਵਧਦਾ ਹੈ। ਚਾਹੇ ਕੋਈ ਸਕਾਂਮ ਹੋ ਕੇ ਭੀ ਭਗਤੀ ਯਾ ਤਪ ਕਰੇ ਤਦ ਵੀ ਸੁਭਾਵਕ ਹੀ ਫਲ ਰੂਪ ਵਿਚ ਤੇਜ ਵਧ ਜਾਂਦਾ ਹੈ। ਇਹ ਕੁਦਰਤੀ ਗਲ ਹੈ। ਬਾਬਾ ਜੀ ਨੇ ਕਿਹਾ–ਵਿਦਿਆ ਉਤਮ ਚੀਜ਼ ਹੈ। ਜਿਤਨੀ ਪੜ੍ਹੀ ਜਾਏ ਥੋੜੀ ਹੈ। ਵਿਦਿਆ ਰਾਹੀਂ ਹੀ ਮਨੁਖ ਅਪਣੇ ਆਪ ਨੂੰ ਅਤੇ ਅਪਣੇ ਭਲੇ ਬੁਰੇ ਨੂੰ ਸਮਝ ਸਕਦਾ ਹੈ ਪਰ ਬਹੁਤੀ ਵਿਦਿਆ ਨਾਲ ਅਭਿਮਾਨ ਜ਼ਰੂਰ ਵਧ ਜਾਂਦਾ ਹੈ, ਜੋ ਗਿਆਨ ਪ੍ਰਾਪਤੀ ਵਿਚ ਪ੍ਰਤੀਬੰਧਕ ਹੈ। ਇਹ ਤੁਸੀਂ ਅਪਣੇ ਆਪ ਵਿਚ ਝਾਤੀ ਮਾਰ ਕੇ ਦੇਖ ਸਕਦੇ ਹੋ। ਨਿਰ ਅਭਿਮਾਨੀ ਨੂੰ ਗਿਆਨ ਅਤੇ ਗਿਆਨ ਕਰਕੇ ਹੀ ਮੁਕਤੀ ਮਿਲ ਸਕਦੀ ਹੈ।

ਇਸ ਦੀ ਪੁਸ਼ਟੀ ਵਿਚ ਬਾਬਾ ਨੇ ਇਹ ਵੀ ਆਖਿਆ ਕਿ ਜਿਵੇਂ ਨਿਰਮਲ ਤੇ ਕੋਮਲ ਪਾਣੀ ਨਿਵਾਣ ਨੂੰ ਜਾਂਦਾ ਤੇ ਸਾਰਿਆਂ ਦੇ ਮਨ ਨੂੰ ਭਾਂਦਾ ਹੈ, ਉਹ ਸਾਰਿਆਂ ਦੀ ਜਿੰਦ ਜਾਨ ਹੈ। ਤਿਵੇਂ ਨਿਰ ਅਭਿਮਾਨ ਵਿਦਵਾਨ ਸਾਰਿਆਂ ਨੂੰ ਮਿਠਾ ਪਿਆਰਾ ਲਗਦਾ ਅਤੇ ਸੁਧ ਸਰੂਪ ਵਲ ਵਧਿਆ ਜਾਂਦਾ ਹੈ। ਉਹ ਆਪਨੇ ਸ੍ਰੀਰ ਦਾ ਯਾ ਕਿਸੇ ਵੀ ਦੂਜੇ ਅਭਿਮਾਨ ਵਿਚ ਫਸ ਕੇ ਅਟਕ ਨਹੀਂ ਜਾਂਦਾ। ਫੇਰ ਜਿਵੇਂ ਕੋਹਲੂ ਅੰਦਰ ਤੇਲ ਦਾ ਬੀਜ ਪੀੜਨ ਪਿਛੋਂ ਹੀ ਲੋਕਾਂ ਦੇ ਕੇਸਾਂ ਨੂੰ ਚਮਕਾਂਦਾ–ਅਤੇ ਅਪਨੇ ਨੂੰ ਜਲਾ ਕੇ ਅੰਧੇਰੀ ਕੋਠੀਆਂ ਵਿਚ ਪ੍ਰਕਾਸ਼ ਕਰਦਾ ਹੈ, ਤਿਵੇਂ ਹੀ ਨਿਰ ਅਭਿਮਾਨ ਅਤੇ ਮਿਠ-ਬੋਲਾ ਵਿਦਵਾਨ ਹੀ ਲੋਕਾਂ ਦੇ ਭਰਮ ਅੰਧੇਰੇ ਦੂਰ ਕਰਦਾ ਤੇ ਸਾਰਿਆਂ ਨੂੰ ਪਿਆਰਾ ਲਗਦਾ ਹੈ। ਲੋਕੀ ਉਸ ਉਤੋਂ ਤਨ ਮਨ ਧਨ ਵਾਰਨ ਵਿਚ ਫਰਕ ਨਹੀਂ ਕਰਦੇ। ਇਸ ਵਿਚਾਰ ਦੀ ਗਲ ਨੇ ਪੰਡਤ ਬਿਸ਼ਨ ਦਾਸ ਨੂੰ ਨਿਹਾਲ ਕਰ ਦਿਤਾ ਤੇ ਫੇਰ ਸ਼ਰਧਾ ਨਾਲ ਹੀ ਦੇਖਦਾ ਰਿਹਾ।

"ਬਿਸ਼ਨ ਦਾਸ ਅਸ ਸੁਨ ਕੁਰਬਾਨੀ, ਚਰਨ ਕੰਵਲ ਸੰਗ ਪ੍ਰੀਤ ਲਗਾਨੀ। (ਸ੍ਰੀ ਚੰਦਰ ਪ੍ਰਕਾਸ਼ ਧਿਆਏ 2੮)

# ਇਕ ਫ਼ਕੀਰ ਸਾਂਈ ਨੂੰ ਉਪਦੇਸ਼

ਬਾਬਾ ਜੀ ਦੀ ਉਕਤ ਵਿਚਾਰ ਨੂੰ ਇਕ ਫਕੀਰ ਸਾਂਈ ਵੀ ਸੁਣ ਰਿਹਾ ਸੀ। ਇਸ ਦਾ ਜੀ ਕਰ ਆਇਆ ਕਿ ਮੈਂ ਵੀ ਕੋਈ ਪੁੱਛ ਕਰਾਂ। ਇਸ ਨੇ ਬੇਨਤੀ ਕੀਤੀ : ਮਹਾਰਾਜ ਦਸੋ ? ਮੈਂ ਫਕੀਰ ਨੂੰ ਸਦਾ ਸੁਖ ਕਿਵੇਂ ਮਿਲੇ ? ਬਾਬਾ ਜੀ ਨੇ ਕਿਹਾ–ਕਟੰਬ ਦਾ ਤਿਆਗ ਕਰ ਕੇ ਵਿਰੱਕਤੀ ਦਾ ਜੀਵਨ ਬਿਤਾਵੋ। ਫਕੀਰ ਹੱਸ ਪਿਆ, ਤੇ ਆਖਨ ਲਗਾ–ਮੈਂ ਤਾਂ ਅਗੇ ਹੀ ਤਿਆਗ ਤੇ ਅਜ਼ਾਦੀ ਦਾ ਜੀਵਨ ਬਿਤਾ ਰਿਹਾ ਹਾਂ। ਪਰ ਮਨ ਅਜੇ ਮੰਨਿਆ ਨਹੀਂ ਹੈ।

ਕਿ ਸੁਖੀ ਹਾਂ". ਬਾਬਾ ਜੀ ਨੇ ਕਿਹਾ–ਤੁਸੀ ਸਰੀਰ ਦਾ ਕੁਟੰਬ ਛਡਿਆ ਹੈ–ਮਨ ਦੇ ਸਨਬੰਧੀ ਨਹੀਂ ਛਡੇ, ਜੋ ਇਸ ਤਰ੍ਹਾਂ ਦੇ ਹਨ :–

"ਧਨ ਦੌਲਤ ਅਤੇ ਧਨ ਨਾਲ ਸਨਬੰਧ ਰਖਣ ਵਾਲੀਆਂ ਸਾਰੀਆਂ ਚੀਜ਼ਾਂ ਵਸਤਾਂ ਦੇ ਰੂਪ ਅਤੇ ਖ਼ਾਹਸ਼ਾਂ ਹੀ ਮਨ ਦਾ ਪ੍ਰਵਾਰ ਹੈ। ਮਮਤਾ ਮਾਤਾ ਹੈ। ਲੋਭ ਪਿਤਾ ਹੈ। ਆਪਣੇ ਸਰੀਰ ਪਾਲਨ ਪੋਸਨ ਦੀ ਖ਼ਾਹਸ਼ ਇਸਤਰੀ ਹੈ। ਮੂੰਹ ਕੰਨ-ਨੱਕ-ਅੱਖਾਂ-ਇੰਦਰੀ ਆਦਿਕ ਦੇ ਭੋਗਾਂ ਲਈ ਉਦਮ ਉਪਰਾਲਾ ਇਹ ਮਨ ਦਾ ਸਕਾ ਭਾਈ ਹੈ ! ਬੁਰੀ ਖਾਹਸ਼ ਬਨੀ ਰਹੇ, ਇਹ ਲੜਕੀ ਹੈ। ਬੁਰੇ ਕੰਮਾਂ ਦੀਆਂ ਸੋਚਾਂ ਵਿਚਾਰਾਂ ਇਹ ਮਨ ਦੇ ਪੁਤਰ ਹਨ।

ਬਾਬਾ ਜੀ ਨੇ ਕਿਹਾ ਕਿ ਇਹ ਉਪਰੋਕਤ ਮਨ ਦੇ ਸਾਰੇ ਪਰਵਾਰ ਦਾ ਤਿਆਗ ਕੀਤੇ ਬਿਨਾ ਸਦੀਵੀ ਸੁਖ ਨਹੀਂ ਹੋ ਸਕਦਾ, ਅਤੇ ਨਾ ਹੀ ਸ੍ਰੀਰ ਦੇ ਪ੍ਰਵਾਰ ਦੇ ਤਿਆਗ ਨਾਲ ਸੁਖ ਹੈ। ਜੇ ਕਰ ਗ੍ਰਹਿਸਤੀ ਹੋਵੇ ਤਾਂ ਸਾਰੇ ਪ੍ਰਵਾਰ ਦੇ ਵਿਚ ਰਹੇ। ਤਦ ਵੀ ਮਨ ਦੇ ਪ੍ਰਵਾਰ ਨੂੰ ਥੋੜਾ ਕਰਨ ਵਿਚ ਸੁਖ ਹੈ। ਪਰ ਫਕੀਰ ਨੂੰ ਤਾਂ ਮਨ ਦਾ ਪ੍ਰਵਾਰ ਛਡੇ ਬਿਨਾਂ ਕਦੀ ਸੁਖ ਨਹੀਂ ਹੋ ਸਕਦਾ। ਇਹ ਵਿਚਾਰ ਸੁਣ ਕੇ ਫਕੀਰ ਬਹੁਤ ਖੁਸ਼ ਹੋਇਆ, ਤੇ ਫੇਰ ਵੀ ਕਈ ਵੇਰ ਆ ਕੇ ਸੰਗਤ ਕਰਦਾ ਰਿਹਾ।

## ਨਾਰਦ ਮੁਨੀ ਤੇ ਅੰਗਰਾ ਦੀ ਕਥਾ

ਇਕ ਦਿਨ ਬਾਬਾ ਜੀ ਪਾਸ ਧਰਮਸਾਲੇ ਬੈਠਿਆਂ "ਸਤਿਨਾਮ ਵਾਹਿਗੁਰੂ" ਦੇ ਮੰਤਰ ਦੀ ਮੁਹਾਰਨੀ ਰਟਾ ਰਹੇ ਸਨ ਤਾਂ ਇਕ ਨੇ ਬੇਨਤੀ ਕੀਤੀ ਬਾਬਾ ਜੀਓ, ਅਜ ਵੀ ਕੋਈ ਉਤਮ ਵਿਚਾਰ ਭਰੀ ਸਾਖੀ ਸੁਨਾਓ। ਤਦ ਆਪ ਨੇ ਇਹ ਕਥਾ ਸੁਨਾਈ :

"ਇਕ ਵੇਰ ਨਾਰਦ ਮੁਨੀ ਤੇ ਅੰਗਰਾ ਰਿਸ਼ੀ ਦੋਵੇਂ ਹੀ ਤੁਰਦੇ ਫਿਰਦੇ ਮੁਲਤਾਨ ਸ਼ੈਹਰ ਵਿਚ ਆਣ ਨਿਕਲੇ। ਇਥੇ ਇਕ ਬਣੀਏ ਦੀ ਹਟੀ ਦੇ ਸਾਹਮਣੇ ਬੈਠ ਗਏ। ਨਾਲ ਲਗਦੀ ਇਕ ਕਸਾਈ ਦੀ ਦੁਕਾਨ ਸੀ। ਉਹ ਅਜ ਦਿਨ ਦੇ ਕੱਟਣ ਲਈ ਮੰਡੀ ਵਿਚੋਂ ਇਕ ਬਕਰਾ ਖਰੀਦ ਲਿਆਇਆ। ਬਕਰਾ ਜੋਰਾਵਰ ਸੀ ਛੁਟ ਕੇ ਬਾਣੀਏ ਦੀ ਹੱਟੀ ਅੰਦਰ ਵੜ ਗਿਆ ਤੇ ਅਨਾਜ ਦੇ ਢੇਰ ਵਿਚੋਂ ਮੂੰਹ ਪਾ ਕੇ ਖਾਣ ਲਗਾ ! ਬਕਰੇ ਨੇ ਮਸਾਂ ਇਕ ਦੋ ਹੀ ਝਸ ਮਾਰੇ ਹੋਣਗੇ ਕਿ ਬਾਣੀਏ ਨੇ ਛੇਤੀ ਨਾਲ ਉਸ ਦਾ ਮੂੰਹ ਟੱਡ ਕੇ ਅਨਾਜ ਦਾ ਫੱਕਾ ਮੂੰਹ ਵਿਚੋਂ ਕੱਢ ਲਿਆ, ਤੇ ਗਰਦਨ ਮਰੋੜ ਕੇ ਬਕਰਾ ਕਸਾਈ ਨੂੰ ਫੜਾ ਦਿਤਾ। ਉਸ ਨੇ ਛੁਰੀ ਨਾਲ ਗਲਾ ਵੱਢ ਕੇ ਮਾਰ ਮੁਕਾਇਆ ਤੇ ਵੇਚਣ ਲਈ ਟੰਗ ਦਿਤਾ।

ਇਸ ਕੌਤਕ ਨੂੰ ਵੇਖ ਕੇ ਨਾਰਦ ਜੀ ਨੇ ਠੰਢਾ ਸਾਹ ਭਰਿਆ। ਦੂਜੇ ਅੰਗਰਾ ਰਿਸ਼ੀ ਨੇ ਹੈਰਾਨ ਹੋ ਕੇ ਆਖਿਆ–ਸ੍ਵਾਮੀ ਨਾਰਦ ! ਆਪ ਤਾਂ ਹਰਖ ਸ਼ੋਕ ਤੋਂ ਰਹਿਤ ਹੋ–ਇਸ ਤਰ੍ਹਾਂ ਨਾਲ ਕਈ ਜੰਮਦੇ ਮਰਦੇ ਤੁਸੀਂ ਨਿਤ ਵੇਖਦੇ ਰਹਿੰਦੇ ਹੋ। ਸੰਸਾਰ ਦਾ ਪ੍ਰਵਾਹ ਜੋ ਐਸਾ ਚਲਿਆ ਪਿਆ ਹੈ। ਫੇਰ ਆਪ ਨੇ ਹਾਹੁਕਾ ਕਿਉਂ ਭਰਿਆ ? ਨਾਰਦ ਜੀ ਨੇ ਦਸਿਆ–ਇਹ ਬਾਣੀਆ ਪੁਤਰ ਹੈ ਅਤੇ ਬਕਰਾ ਕੁਝ ਸਾਲ ਪਹਿਲਾਂ ਇਹਦਾ ਪਿਤਾ ਸੀ। ਕਰਮ ਵਸ ਬਕਰੇ ਦੀ ਜੂਨੀ ਪਿਆ ਹੈ। ਇਸ ਕਸਾਈ ਦਾ ਵੀ ਕੁਝ ਲੇਖਾ ਜੋਖਾ ਸੀ। ਇਸ ਨੇ ਇਸ ਦੇ ਮਾਸ ਦੀ ਖਟੀ ਵਿਚੋਂ ਮੁਕਾਣਾ ਹੈ। ਬਕਰਾ ਆਪਣੀ ਦੁਕਾਨ ਦੇਖ ਕੇ ਉਛਲ ਪਿਆ ਤੇ ਕਸਾਈ ਦੇ ਹਥੋਂ ਛੁਟ ਕੇ ਅੰਦਰ ਜਾ ਕੇ

ਖਾਣ ਲਗਾ ਸੀ। ਕਿਉਂਕਿ ਸਾਰਾ ਹਟ ਭਰਿਆ ਛਡ ਕੇ ਇਹ ਮੋਇਆ ਸੀ। ਪਰ ਇਹਦੇ ਪੁਤਰ ਨੇ ਹਟ ਤਾਂ ਸਾਂਭ ਲਿਆ ਹੈ ਤੇ ਪਿਉ ਨੂੰ ਚਾਰ ਦਾਣੇ ਵੀ ਹੁਣ ਇਥੋਂ ਖਾਣੇ ਨਸੀਬ ਨਹੀਂ ਹੋਏ। ਇਹ ਦੇਖ ਕੇ ਹਾਹੁਕਾ ਭਰਿਆ ਹੈ।

ਸ੍ਰੀ ਨਾਰਦ ਨੇ ਇਹ ਦਸਿਆ ਕਿ ਇਸ ਦੇ ਘਰ ਪਹਿਲੇ ਕੋਈ ਸੰਤਾਨ ਨਹੀਂ ਸੀ। ਪੀਰਾਂ ਫਕੀਰਾਂ ਦੀਆਂ ਅਸੀਸਾਂ ਪਾ ਕੇ ਬੜੇ ਯਤਨਾਂ ਨਾਲ ਬੁਢੀ ਉਮਰੇ ਇਹਦੇ ਘਰ ਇਹ ਪੁਤਰ ਹੋਇਆ ਸੀ। ਜਿਸ ਆਪਣੇ ਹਥੀਂ ਕਸਾਈ ਦੇ ਹਥ ਚਾਰ ਦਾਣਿਆਂ ਪਿੱਛੇ ਗਰਦਨ ਮਰੋੜ ਕੇ ਫੜਾਇਆ ਹੈ।

ਸ੍ਰੀ ਨਾਰਦ ਜੀ ਨੇ ਕਿਹਾ–ਕਿਸੇ ਇਕ ਦਾ ਕੀ ਕਹਿਣਾ ਹੈ, ਸਾਰੇ ਜਗਤ ਦੀ ਇਹੋ ਰੀਤ ਹੈ। ਮਤਲਬ ਦੇ ਸਾਰੇ ਸਾਥੀ ਹਨ, ਅਤੇ ਆਪਣੇ ਆਪਣੇ ਸੁਆਰਥ ਸਿਧੀ ਲਈ ਇਕ ਦੂਜੇ ਨਾਲ ਪਿਆਰ ਹੈ। ਬਿਨਾ ਮਤਲਬ ਦੇ ਕੋਈ ਕਿਸੇ ਦਾ ਨਹੀਂ ਹੈ। ਪ੍ਰਭੂ ਦੀ ਮਾਇਆ ਦਾ ਭੇਤ ਨਹੀਂ ਚਲਦਾ, ਕਿਤਨੀ ਬੇਅੰਤ ਹੈ। ਬਾਣੀਏ ਨੂੰ ਸਮਝ ਹੁੰਦੀ ਤਾਂ ਸ਼ਾਇਦ ਐਸਾ ਨ ਕਰਦਾ, ਪਰ ਪ੍ਰਭੂ ਨੇ ਆਪਣੀ ਮਾਇਆ ਲੋਕਾਂ ਦੀ ਸਮਝ ਥੀਂ ਬਾਹਰ ਵਰਤਾ ਰਖੀ ਹੈ।

ਬਾਬਾ ਸ੍ਰੀ ਚੰਦ ਜੀ ਦੀ ਜ਼ਬਾਨੀ ਇਹ ਕਥਾ ਸੁਣਕੇ ਸਾਰੀ ਸੰਗਤ ਵੈਰਾਗ ਨਾਲ ਭਰ ਗਈ ਤੇ ਬਾਬਾ ਜੀ ਆਪ ਵੀ ਵੈਰਾਗ ਚਿਤ ਹੋ ਕੇ ਭੋਗ ਪਾ ਕੇ ਘਰ ਚਲੇ ਗਏ।

# ਮੋਤੀ ਰਾਮ ਨੂੰ ਉਪਦੇਸ਼

ਧਰਮਸਾਲ ਵਿਚ ਆਇਆਂ ਸਤਿਸੰਗੀਆਂ ਪਾਸੋਂ ਬਾਬਾ ਜੀ ਪਹਿਲੇ ਸਿਮਰਨ ਕਰਾ ਕੇ ਫੇਰ ਕਥਾ ਪਰਸੰਗ ਸੁਣਾਇਆ ਕਰਦੇ। ਇਕ ਦਿਨ ਇਨ੍ਹਾਂ ਵਿਚੋਂ ਇਕ ਮੋਤੀ ਰਾਮ ਨੇ ਬੇਨਤੀ ਕੀਤੀ ਕਿ ਭੇਖਧਾਰੀ ਸਾਧੂ ਸੰਤ ਬਹੁਤ ਫਿਰਦੇ ਦਿਸਦੇ ਹਨ। ਚਾਹੇ ਸਾਡੀ ਭੇਖ ਨੂੰ ਨਿਮਸਕਾਰ ਹੈ ਕਿ ਇਹ ਮਹਾਂਪੁਰਖਾਂ ਸੰਤਾਂ ਫ਼ਕੀਰਾਂ ਨੇ ਗਲ ਕਫਨੀ ਪਾ ਕੇ ਪਰਉਪਕਾਰ ਦੇ ਜੀਵਨ ਬਿਤਾਏ ਹਨ। ਇਸ ਲਈ ਇਹ ਉਨ੍ਹਾਂ ਦੀ ਨਿਸ਼ਾਨੀ ਹੈ। ਪਰ ਇਹ ਨਿਸ਼ਾਨੀ ਭੇਖ ਦੀ ਰੋਟੀ ਬਨਾ ਲਵੇ। ਕਾਲੀ ਚਿਟੀ-ਭਗਵੀ ਕਫਨੀ ਚਾਹੇ ਕੋਈ ਪਾ ਲਵੇ। ਉਹ ਸਾਰੇ ਹੀ ਸੰਤ ਫਕੀਰ ਨਹੀਂ ਕਹੇ ਜਾ ਸਕਦੇ। ਪੂਰੇ ਸੰਤਾਂ ਫ਼ਕੀਰਾਂ ਦੇ ਵੀ ਕੁਝ ਲਛਨ ਹੁੰਦੇ ਹੋਣਗੇ ? ਕਿਰਪਾ ਕਰਕੇ ਉਹ ਦਸੋ। ਤਦ ਬਾਬਾ ਜੀ ਨੇ ਇਉਂ ਫੁਰਮਾਇਆ–

1. ਜਿਸਦੇ ਹਿਰਦੇ ਵਿਚ ਪਰਮੇਸ੍ਵਰ ਦੇ ਨਾਮ ਦਾ ਨਿਵਾਸ ਹੋਵੇ।
2. "ਮਨ ਸ਼ਾਂਤ" ਸੁਭਾਓ ਦਾ ਮਿਠ ਬੋਲਾ ਹੋਵੇ।
3. ਬੁਧੀਵਾਨ ਹੋਵੇ। ਸ਼ਾਸਤ੍ਰ ਮਰਯਾਦਾ, ਲੋਕ ਮਰਯਾਦਾ, ਤੇ ਗੁਰ ਮਰਯਾਦਾ ਦਾ ਧਾਰਨੀ ਹੋਵੇ।
4. ਸੱਚ ਬੋਲਣਾ ਤੇ ਸੰਜਮ ਦੀ ਵਰਤੋਂ ਕਰਨ ਵਾਲਾ ਹੋਵੇ।
5. ਧਨ ਇਕੱਠਾ ਕਰਨ ਦੀ ਚਾਹ ਨਾ ਰਖੇ। ਉਦਾਰ ਚਿਤ ਹੋਵੇ।

ਸ੍ਰੀ ਬਾਬਾ ਜੀ ਨੇ ਕਿਹਾ–ਸੰਤ ਫਕੀਰ ਨੂੰ ਇੰਦਰੀਆਂ ਦੇ ਰਸਾਂ ਕਸਾਂ ਨੂੰ ਛਡ ਦੇਣਾ ਚਾਹੀਦਾ ਹੈ। ਕਾਮ-ਕ੍ਰੋਧ-ਮੋਹ-ਹੰਕਾਰ ਉਤੇ ਕਾਬੂ ਅਤੇ ਮਨ ਬਾਣੀ ਸ੍ਰੀਰ ਕਰਕੇ ਹਿੰਸਾ ਦਾ ਤਿਆਗੀ ਹੋਵੇ, ਅਜਿਹੇ ਗੁਣਾਂ ਵਾਲੇ ਸੰਤ ਫਕੀਰਾਂ ਦੀ ਸੰਗਤ ਸੇਵਾ ਨਾਲ ਆਪਣਾ ਭਲਾ ਹੁੰਦਾ ਹੈ। ਇਹ ਵੀਚਾਰ ਸੁਣਾ ਕੇ ਮੋਤੀ ਰਾਮ ਅਤੇ ਬਾਕੀ ਦੀ ਸੰਗਤ ਨੂੰ ਬਾਬਾ ਜੀ ਨੇ ਨਿਹਾਲ ਕੀਤਾ।

(ਚਲਦਾ)

ਨੈਰੋਬੀ ਸਾਨੂੰ ਕਈ ਗੁਰੂ ਦੇ ਪਿਆਰੇ ਮਿਲੇ ਜਿਨ੍ਹਾਂ ਨੇ ਗੁਰੂ ਨਾਨਕ ਦੇ ਘਰ ਨਾਲ ਬਹੁਤ ਹੀ ਪਿਆਰ ਜਤਲਾਇਆ। ਉਨ੍ਹਾਂ ਨੇ ਇਨਾ ਪਿਆਰ ਤੇ ਸਤਿਕਾਰ ਕੀਤਾ ਕਿ ਅਸੀਂ ਭੁੱਲ ਨਹੀਂ ਸਕਦੇ। ਜਿਨ੍ਹਾਂ ਲੋਕਾਂ ਨੂੰ ਅਸੀਂ ਜਾਣਦੇ ਵੀ ਨਹੀਂ ਸੀ ਉਨ੍ਹਾਂ ਨੂੰ ਹੁਣ ਭੁਲਣਾ ਔਖਾ ਹੋ ਗਿਆ ਹੈ।

ਨੈਰੋਬੀ ਤੋਂ ਅਸੀਂ ਮੁਮਬਾਸੇ ਗਏ। ਉਥੇ ਵੀ ਬਹੁਤ ਸੁਹਣਾ ਗੁਰਦੁਆਰਾ ਹੈ। ਸਿਰਫ ਦੋ ਹੀ ਦੀਵਾਨ ਕਰਨ ਦਾ ਵਕਤ ਮਿਲਿਆ ਕਿਉਂਕਿ ਨੈਰੋਬੀ ਸਿੰਘ ਸਭਾ ਗੁਰਦੁਆਰੇ ਵਕਤ ਦਿਤਾ ਸੀ ਪਰ ਇਸ ਥੋੜੇ ਸਮੇਂ ਵਿਚ ਵੀ ਗੁਰੂ ਨਾਨਕ ਦੇ ਨਾਮ ਦੀ ਏਕਤਾ ਤੇ ਪ੍ਰਭਾਵ ਮਹਿਸੂਸ ਹੋਇਆ। ਮੁਮਬਾਸੇ ਤੇ ਨੈਰੋਬੀ ਵਿਚਕਾਰ ਇਕ ਛੋਟੀ ਜਗ੍ਹਾ ਮੁਕਿੰਡੋ ਹੈ, ਉਸ ਛੋਟੀ ਜਹੀ ਉਜਾੜ ਦੀ ਜਗ੍ਹਾ ਵਿਚ ਵੀ ਗੁਰੂ ਦੇ ਨਾਮ ਦਾ ਪ੍ਰਕਾਸ਼ ਹੈ। ਅਫਰੀਕਾ ਦੇ ਕਈ ਲੋਕ ਉਥੇ ਲੰਗਰ ਤੇ ਗੁਰਦੁਆਰੇ ਸੇਵਾ ਕਰਦੇ ਨੇ ਤੇ ਜਿਨੀ ਸੁਹਣੀ ਤਰ੍ਹਾਂ ਉਥੇ ਲੰਗਰ ਬਣਾ ਕੇ ਵਰਤਾਂਦੇ ਨੇ ਅਸੀਂ ਕਿਤੇ ਨਹੀਂ ਖਾਧਾ। ਉਥੇ ਇਕ ਬਜ਼ੁਰਗ ਸਰਦਾਰ ਹਰੀ ਸਿੰਘ ਬੰਸਲ ਬੜਾ ਸੁਹਣਾ ਚਿਤਰਕਾਰੀ ਦਾ ਕੰਮ ਆਪਣੇ ਕਾਰੀਗਰੀ ਪਰ ਬੁਢੇ ਹਥਾਂ ਨਾਲ ਕਰਦਾ ਹੈ। ਬਹੁਤ ਸੁਹਣਾ ਗੁਰਦੁਆਰੇ ਦਾ ਗੁਮਜ਼ ਬਣਾਇਆ ਹੈ।

ਨੈਰੋਬੀ ਬਹੁਤ ਹੀ ਕਾਮਯਾਬੀ ਦੇ ਦੀਵਾਨ ਕਰਕੇ ਅਸੀਂ 17 ਅਕਤੂਬਰ ਨੂੰ ਦੁਬਈ ਲਈ ਰਵਾਨਾ ਹੋ ਗਏ। ਰਸਤੇ ਵਿਚ ਪਹਿਲੇਂ ਮਗਡੀਸ਼ੋ ਰੁਕੇ, ਉਥੇ ਕੁਝ ਲੋਕ ਮਿਲਣ ਆਏ ਸੀ, ਸੋ ਜਾਂਦੇ ਜਾਂਦੇ ਹੋਰ ਗੁਰੂ ਦੇ ਪਿਆ-ਰਿਆਂ ਦੇ ਦਰਸ਼ਨ ਹੋ ਗਏ।

ਦੁਬਈ ਅਸੀਂ 23 ਅਕਤੂਬਰ ਤਕ ਰਹੇ। ਫੇਰ ਉਥੇ ਸਿੰਧੀ ਲੋਕਾਂ ਨੂੰ ਮਿਲਨ ਦਾ ਮੌਕਾ ਮਿਲਿਆ। ਕੁਝ ਹੋਰ ਦੀਵਾਨ ਹੋਏ, ਜਦੋਂ ਦੀਵਾਨ ਦੇ ਅਖੀਰ ਵਿਚ ਉਹ ਸਭ ਰਲ ਕੇ ਪੜ੍ਹਦੇ "ਝੰਡਾ ਝੂਲੇ, ਝੂਲੇ ਬਾਬੇ ਨਾਨਕ ਦਾ......" ਤਾਂ ਸਾਰੀ ਦੁਨੀਆਂ ਤੇ ਬਾਬੇ ਨਾਨਕ ਦਾ ਝੰਡਾ ਝੂਲਦਾ ਨਜ਼ਰ ਆਂਦਾ।

ਜਦੋਂ ਅਸੀਂ ਵਾਪਿਸ ਘਰ ਪਹੁੰਚੇ ਤਾਂ ਹੀ ਸਾਨੂੰ ਸੋਚਣ ਦਾ ਵਕਤ ਮਿਲਿਆ ਕਿ ਇਕ ਉਸ ਦਾਤਾਰ ਦਾ ਨਾਮ, ਸਿਰਫ ਨਾਮ ਹੀ ਇਸ ਨਵਖੰਡ ਨੂੰ ਜਿਤ ਸਕਦਾ ਹੈ, ਤੇ ਇਹ ਸਰਲ ਗੁਰ ਮੰਤਰ ਹੀ ਦੁਨੀਆਂ ਦੇ ਕੋਨੇ ਕੋਨੇ ਤੇ ਏਕਤਾ ਫੈਲਾ ਸਕਦਾ ਹੈ ਤੇ ਉਹ ਜਗ੍ਹਾ ਜਿਥੇ ਜਾਇ ਬਹੇ ਮੇਰਾ ਸਤਿਗੁਰੂ–ਉਹ ਹੀ ਥਾਂ ਸੁਹਾਵਾ ਹੋ ਸਕਦਾ ਜਿਥੇ ਵਾਹਿਗੁਰੂ ਨਾਮ ਦਾ ਵਾਸ ਹੈ ਉਹ ਹੀ ਅਸਥਾਨ ਪਵਿਤਰ ਹੈ–ਸਚਖੰਡ ਹੈ।

## ਅਜੂਨੀ ਦੇ ਪਾਠਕ ਸਜਨੋ !

ਜ ਆਪ ਅਜੂਨੀ ਨੂੰ ਜਾਰੀ ਰਖਣ ਦੇ ਚਾਹਵਾਨ ਹੋ ਤਾਂ ਇਸ ਨੂੰ ਪਕੇ ਪੈਰਾਂ ਤੇ ਕਰਨ ਲਈ ਚੰਦੇ ਤੇ ਸਹਾਇਤਾ ਆਪ ਭੇਜੋ ਤੇ ਹੋਰ ਪ੍ਰੇਮੀਆਂ ਨੂੰ ਭੇਜਣ ਲਈ ਪ੍ਰੇਰਕੇ ਆਪਣੇ ਪਿਆਰ ਦਾ ਸਬੂਤ ਦਿਓ !

ਮਾਇਆ "ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਗੱਦੀ-ਨਸ਼ੀਨ, ਮਨਸੂਰਾਂ, ਜ਼ਿਲਾ ਲੁਧਿਆਣਾ ਦੇ ਨਾਮ ਮਨੀਆਰਡਰ ਰਾਹੀਂ ਜਾਂ ਦਸਤੀ ਭੇਜੋ।

ਦਾਸ–ਮੈਨੇਜਰ "ਅਜੂਨੀ"

# ਸ੍ਰੀ ਬੀਰਮ੍ਰਿਗੇਸ਼ ਗੁਰਬਿਲਾਸ - ਦੇਵਤਰੂ

## ੩ ਸਕੰਧ ਪੂਰਵਾਰਧ, ੨੫ ਅਧਿਆਇ ।

(ਲੜੀ ਜੋੜਨ ਲਈ ਦੇਖੋ ਅਜੂਨੀ ਮਈ 1975)

ਇਸ ਓਰ ਯੇਹ ਬਾਤ ਭਈ, ਉਸ ਓਰ ਊਨੇ ਸਾਹਿਬ ਮੇਂ ਦੀਵਾਨ ਕੇ ਬੀਚ ਹੀ ਗੁਰੂ ਸਾਹਿਬ ਜੀ ਨੇ ਸਾਫਾ ਕਰਨੇ ਵਾਲੇ ਹਰੀ ਸਿੰਘ ਸੇ ਬਚਨ ਕੀਆ ਕਿ ਜਾਹੋ ਵੇ ਸਿਖਾ, ਆਲਮ ਸਿੰਘ ਤੋਸੇਖਾਨੀਏ ਸੇ ਪਾਂਚ ਸੈ ਰੁਪਏ ਕੀ ਏਕ ਥੈਲੀ ਬਹੁਤ ਹੀ ਜਲਤੀ ਲੇ ਆਓ। ਤਬ ਉਸ ਸਿੰਘ ਨੇ ਬਹੁਤ ਹੀ ਸੀਘਰ ਵੋ ਥੈਲੀ ਲਿਆ ਕਰ ਸਾਹਿਬਾਂ ਕੇ ਹਾਥ ਮੇਂ ਦੇ ਦਈ। ਅੰਤਰਯਾਮੀ ਸਾਹਿਬ ਨੇ ਲੇਕੇ ਥੈਲੀ ਮੁਖ ਪਰ ਵਸਤ੍ਰ ਲੈਕੇ ਏਕ ਘੜੀ ਪ੍ਰਯੰਤ ਬੈਠ ਜਾਤੇ ਭਏ। ਪ੍ਰੰਤੂ ਸਭ ਲੋਕੋਂ ਨੇ ਅਸਚਰਜ ਮਾਨਾ ਕਿ ਕਯਾ ਹਜ਼ੂਰ ਤੋ ਕਬੀ ਰੁਪਏ ਮੋਹਰ ਕੋ ਹਾਥ ਨਹੀਂ ਲਗਾਤੇ ਥੇ, ਆਜ ਕਿਆ ਕਾਰਣ ਹੈ? ਤਦਨੰਤਰ ਸ੍ਰੀ ਗੁਰੂ ਜੀ ਜਬ ਅੰਤਹਪੁਰ ਮੈ ਚਲੇ ਗਏ ਤਬ ਹਰੀ ਸਿੰਘ ਸਾਫੇ ਬਰਦਾਰ ਨੇ ਦੇਖਾ ਤੋ ਪ੍ਰਯੰਕ ਪਰ ਰੁਪਇਆ ਕਹੀਂ ਭੀ ਨਹੀਂ ਹੈ। ਤਿਸ ਨੇ ਬਿਛੋਨਾ ਝਾੜ ਕੇ ਸਭ ਕੋ ਦਿਖਾਇ ਦੀਆ, ਯੇਭੀ ਅਸਚਰਯ ਹੂਆ, ਇਧਰ ਵੁਹ ਭੀ ਲਗਾ ਪਸਚਾਤਾਪ ਕਰਨੇ ਕਿ ਮੂਰਖ ਲੋਗੋਂ ਕੇ ਕਹਿਨੇ ਸੇ ਮੈਨੇ ਕਿਉਂ ਸੰਤਹੁ ਕੋ ਤੰਗ ਕੀਆ, ਮੈਨੇ ਬੜੀ ਬੇਅਕਲੀ ਕਰੀ ਹੈ, ਮੈਨੇ ਐਸਾ ਕਾਮ ਕਿਉਂ ਕੀਆ, ਮਨ ਮੇਂ ਐਸਾ ਬੀਚਾਰ ਕਰਤਾ ਜਾਵੇ ਅਰ ਰੁਪਏ ਝੋਲੀ ਮੇ ਪਾਤਾ ਜਾਵੇ। ਤਦਨੰਤਰ ਗੁਰੂ ਜੀ ਨੇ ਤੋ ਗੁਲਾਬੇ ਸਾਹੁ ਕੋ ਵਿਦਾ ਦਈ। ਗੁਲਾਬਾ ਸਾਹੁ ਗੁਰੂ ਜੀ ਕੇ ਚਰਨ ਕਮਲੋਂ ਪਰ ਮਾਥਾ ਟੇਕ ਕੇ ਅਰਜ ਕਰਤਾ ਭਇਆ–ਕਿ ਹੇ ਸਚੇ ਪਾਤਸਹੁ ਜੀ, ਮੈਂ ਲੋਕੋਂ ਕੇ ਕਹੇ ਕਹਾਏ ਸੇ ਭੂਲ ਗਿਆ ਹੂੰ, ਮੈਨੇ ਨਾਹਕ ਆਪ ਕੋ ਆਇਕੇ ਤੰਗ ਕੀਆ ਹੈ। ਸੋ ਯੇਹ ਭੂਲ ਮੇਰੀ ਬਖਸੋ, ਯੇ ਰੁਪਇਆ ਆਪ ਕੀ ਜਹਾਂ ਪਰ ਖੁਸ਼ੀ ਹੋਵੈ ਤਹਾਂ ਪਰ ਵਰਤ ਲੇਵਹੁ ਮੇਰੇ ਪਰ ਖੁਸੀ ਕਰਹੁ। ਇਸ ਪ੍ਰਕਾਰ ਕੀ ਗੁਲ਼ਾਬੇ ਸਾਹ ਕੀ ਬੇਨਤੀ ਸੁਣ ਕੇ ਸਾਹਿਬਾਂ ਕਾ ਬਚਨ ਹੂਆ ਕਿ ਬਸ ਭਾਈ ਗੁਲਾਬਾ ਬਸ, ਅਬ ਜਾਹੁ ਅਪਨਾ ਰੁਪਇਆ ਤੁਮ ਲੇ ਜਾਵੋ, ਕਾਹੇ ਤੇ ਹਮਨੇ ਤੁਮ ਸੇ ਹੁਧਾਰ ਲੀਆ। ਫਿਰ ਪੁਰਖਾ ਅਪਰਾਧ ਸੇ ਬਿਨਾ ਇਕਰਾਰ ਹੀ ਹਮਾਰੇ ਆਏ ਗਿਰਦੇ ਹੂਆ ਤਬ ਹਮ ਉਸੀ ਸਮੇਂ ਤੁਮ ਕੋ ਰੁਪਇਆ ਕਹਾਂ ਸੇ ਦੇਵੈਂਗੇ? ਅਬ ਹਮ ਤੇਰੇ ਸੇ ਵਿਵਹਾਰ ਰਖਤੇ ਹੀ ਨਹੀਂ ਹੈਂ। ਜੋ "ਬਚਨ ਕਰੇ ਅਰ ਖਿਸਕ ਜਾਇ ਬੋਲੇ ਸਭ ਕੱਚਾ।" ਜੋ ਜੀਵ ਆਪਣੀ ਪ੍ਰਤਿਗਿਆ ਕਰਕੇ ਹਾਰ ਜਾਵੇ ਤਬ ਤਿਸ ਜੈਸਾ ਸੰਸਾਰ ਮੇ ਪਾਪੀ ਹੀ ਕੋਈ ਨਹੀਂ ਹੈ। ਕਾਹੇ ਤੇ ਬਚਨ ਕਰਕੇ ਫਿਰ ਆਪਣੇ ਬਚਨ ਪੁਰ ਥਿਰ ਨ ਰਹਿਣਾ ਇਸ ਜੈਸਾ ਸੰਸਾਰ ਮੇਂ ਭਾਰੀ ਪਾਪ ਹੀ ਕੋਈ ਨਹੀਂ ਹੈ। ਪ੍ਰਤਿਗਿਆ ਕੇ ਪਾਲਣ ਜੈਸਾ ਔਰ ਧਰਮ ਹੀ ਕੋਈ ਨਹੀਂ ਹੈ।

ਸ੍ਰੀ ਰਾਮ ਚੰਦਰ ਕੇ ਪਿਤਾ ਰਾਜਾ ਦਸਰਥ ਨੇ ਸ੍ਰੀ ਰਾਮ ਚੰਦਰ ਜੈਸੇ ਪੁੱਤਰ, ਸੀਤਾ ਜੈਸੀ ਸੁਸ਼ੀਲਾ ਸੁਨੱਖਾ ਆਪਣੀ ਪ੍ਰਤਿਗਿਆ ਰਖਣੇ ਅਰਥ ਬਨ ਕੋ ਨਿਕਾਸ ਦੀਏ ਔਰ ਸਾਥ ਹੀ ਅਪਨੇ ਪ੍ਰਾਣ ਭੀ ਤਿਆਗ ਦੀਏ, ਪ੍ਰੰਤੂ ਅਪਣੀ ਪ੍ਰਤਿਗਿਆ ਨਹੀਂ ਤਿਆਗੀ। ਤਿਸੀ ਪ੍ਰਕਾਰ ਰਾਜਾ ਹਰੀ ਚੰਦ ਜੀ ਨੇ ਰਾਜ ਭਾਗ ਸਭੀ ਕੁਛ ਤਿਆਗ ਦੀਆ, ਆਪ ਔ ਪੁੱਤਰ, ਸਹਤ ਰਾਣੀ ਕਾਂਸੀ ਮੇਂ ਚਾਂਡਾਲ ਕੇ ਘਰ ਜਾ ਬਿਕਿਆ ਪ੍ਰੰਤੂ ਆਪਨੀ ਪ੍ਰਤਿਗਿਆ ਨਹੀਂ ਤਿਆਗੀ। ਇਸੀ ਪ੍ਰਕਾਰ ਸੇ ਰਾਜਾ ਸਿਵੀ ਤਥਾ ਰਾਜਾ ਯੋਧਿਸ਼ਟਰ ਆਦਿ ਪਾਂਡੋ ਭਾਈ। ਇਨੋਂ ਨੇ ਜੋ ਜੋ ਪ੍ਰਤਿਗਿਆ

ਕਰੀ ਹੈ ਸੋ ਸੋ ਸਾਰੀ ਪੂਰੀ ਕਰੀ ਹੈ। ਇਤਿਆਦਿਕ ਔਰ ਭੀ ਰਾਜਾ ਬਹੁਤ ਮੇ ਬਡੇ ਧਰਮਾਤਮਾ ਧਰਮ ਸਾਸਤਰ ਕੀ ਰੀਤੀ ਸੇ ਬੇਦ ਕੇ ਵਚਨੋਂ ਸੇ ਇਨ ਸਭਨੋ ਨੇ ਪ੍ਰਤਿਗਿਆ ਕਾ ਪਾਲਨਾ ਹੀ ਪਰਮ ਧਰਮ ਜਾਨ ਕੇ ਅਪਨੀ ਪ੍ਰਤਿਗਿਆ ਕਾ ਹੀ ਪਾਲਨ ਕਰਤੇ ਭਏ ਹੈਂ। ਤੁਮ ਨੇ ਲੋਗੋਂ ਕੇ ਕਹਿਨੇ ਸੇ ਧਰਮ ਕੋ ਛੋਡ ਦੀਆ, ਅਬ ਹਮ ਤੇਰਾ ਵਿਸਾਹ ਹੀ ਨਹੀਂ ਕਰਤੇ। ਤਬ ਗੁਲਾਬ ਸਾਹ ਬਹੁਤ ਲਜਿਤ ਹੋ ਕਰ ਅਪਨੇ ਘਰ ਕੋ ਚਲਾ ਗਿਆ।

## ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ ਦੇਵਤਰੂ

੨ ਸਕੰਧ ਪੂਰਵਾਰਧ, ੧੫ ਅਧਿਆਇ।

ਦੋ: ਮਹਾ ਧਰਮ ਸਤਿਸੰਗ ਇਕ, ਦਰਸਾਵੈ ਸੁ ਵਿਚਾਰ।
ਅਉਰ ਧਰਮ ਜੇਤਕ ਜਗਤ, ਤੇ ਸਭ ਅਹੈ ਅਸਾਰ।
ਦੇਵ ਦੈਤ ਰਾਖਸ਼ ਮਨੁਜ, ਕਪਿ ਭਾਲੂ ਅਰ ਨਾਰਿ।
ਦ੍ਰਿਢ ਜਹਾਜ ਸਤਸੰਗ ਲਗ, ਤੇ ਭਵ ਉਤਰੇ ਪਾਰ।
ਬੇਦ ਰਾਜ ਕੇ ਦਰਸ ਮਿਸ, ਕਰੈ ਗਵਨ ਗੁਰ ਈਸ।
ਨਮੋ ਤਾਸ ਗੁਰੁ ਪਦ ਪਦਮ ਧਰ ਪਰ ਧਰਕਰ ਸੀਸ।

ਅਬ ਕਥਾ ਪ੍ਰਸੰਗ:-ਬਿਕ੍ਰਮਜੀਤ ਕੇ 1890 ਸਾਲ ਕੇ ਲਗਤੇ ਹੀ ਏਕ ਦਿਨ ਸ੍ਰੀ ਬੀਰ ਸਿੰਘ ਜੀ ਕੇ ਹਜ਼ੂਰ ਜਾਇਕੇ ਦੋਨੋ ਹਾਥ ਜੋੜ ਕੇ ਪ੍ਰਣਾਮ ਕਰਕੇ ਖੜੇ ਹੋ ਕੇ ਮਨ ਕਰਕੇ ਸ੍ਰੀ ਖੁਦਾ ਸਿੰਘ ਜੀ ਬੇਨਤੀ ਕਰਤੇ ਭਏ ਕਿ, ਹੇ ਅੰਤਰਯਾਮੀ ਸਰਬ ਘਟਾਂ ਕੇ ਪ੍ਰੇਰਕ ਵਿਸ਼ਨੂੰ ਰੂਪ ਸ੍ਰੀ ਸਤਿਗੁਰੂ ਜੀ, ਜੇ ਆਪ ਪ੍ਰਸੰਨ ਹੋ ਕੇ ਆਗਯਾ ਦੇਵਹੁ ਤੋ ਬੇਦੀ ਕੁੱਲ ਕੇ ਤਿਲਕ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਦਰਸ਼ਨ ਕਰ ਆਵੇਂ। ਸਿਖ ਕੀ ਮਾਨਸੀ ਪ੍ਰਾਰਥਨਾ ਐਸੀ ਜਾਣ ਕੇ ਅੰਤਰਜਾਮੀ ਸ੍ਰੀ ਗੁਰੂ ਬੀਰ ਸਿੰਘ ਜੀ ਉਤਰ ਦੇਤੇ ਭਏ-ਸ੍ਰੀ ਗੁਰੂਉ ਵਾਚ-ਹੇ ਸਿਖ ਤੁਮ ਅਬ ਸ੍ਵਤੰਤਰ ਹੋ, ਤੁਮਾਰੇ ਊਪਰਿ ਕਿਸੀ ਕੀ ਆਗਿਆ ਦੰਡ ਨਹੀਂ ਹੈ ਤੁਮ ਬ੍ਰਹਮ ਰੂਪ ਹੂਏ ਇਛਾ ਅਨੁਸਾਰ ਸੁਖ ਪੂਰਬਕ ਅਵਨੀਤਲ ਪਰ ਬਿਚਰੋ, ਸਰਬ ਜੀਵੋਂ ਕੇ ਹਿਤ ਅਰਥ ਅਬ ਗੁਰੂ ਸਾਹਿਬ ਸਿੰਘ ਜੀ ਤੁਮਾਰੇ ਆਤਮਾ ਸੇਂ ਭਿੰਨ ਨਹੀਂ ਹੈਂ। ਇਸ ਪ੍ਰਕਾਰ ਕਾ ਗੁਰੂ ਬੀਰ ਸਿੰਘ ਜੀ ਸੇ ਉਪਦੇਸ਼ ਲੈ ਕੇ ਗੁਰੂ ਜੀ ਸੇ ਵਿਦਾ ਹੋ ਕੇ ਸ੍ਰੀ ਖੁਦਾ ਸਿੰਘ ਜੀ, ਸੰਤ ਬੀਰ ਸਿੰਘ ਜੀ ਛੋਟੇ, ਸੰਤ ਬੁਧ ਸਿੰਘ ਜੀ, ਗੁਜਰਾਤੀਆ ਬਹੁਰੰਗਾ, ਮਾਈ ਰਾਮਕੀ ਯੇਹ ਪਾਂਚੋਂ ਮੂਰਤਾਂ ਚਲ ਦੀਏ, ਧੀਰੇ ਧੀਰੇ ਰਟਨ ਕਰਤੇ ਹੂਏ ਦੇਸੋਂ ਮੇਂ ਵਿਚਰਤੇ ਉਸੀ ਸਮੇਂ ਨਭਾ ਕਾਲ ਭੀ ਪਰ ਰਹਿਆ ਥਾ, ਸ੍ਰੀ ਖੁਦਾ ਸਿੰਘ ਜੀ ਕਿਸੀ ਗ੍ਰਾਮ ਮੇਂ ਨ ਪ੍ਰਵੇਸ਼ ਕਰੈਂ ਨ ਕਿਸੀ ਕੋ ਗ੍ਰਾਮ ਮੇਂ ਭਿਖਿਆ ਮਾਂਗਣੇ ਕੋ ਜਾਣੇ ਦੇਵੇਂ। ਗ੍ਰਾਮ ਸੇ ਦੂਰ ਬਿਰਛੋਂ ਕੀ ਜਹਾਂ ਛਾਯਾ ਜਲ ਹੋਵੇ ਸਮੀਪ ਤਹਾਂ ਏਕ ਰਾਤ੍ਰੀ ਵਸਨਾ ਅਰ ਕਿਸੀ ਦਿਸ਼ਾ ਕੀ ਓਰ ਨੇਮ ਨਹੀਂ ਥਾ ਕਿ ਅਮਕੀ ਕੋ ਜਾਣਾ ਹੈ ਕਿ ਅਮਕੇ ਗ੍ਰਾਮ ਅਥਵਾ ਨਗਰ ਪਤਨ ਕੋ ਜਾਣਾ ਹੈ, ਨਿਰਵਾਸੀ ਹੋ ਕੇ ਬਿਚਰਤੇ ਭਏ। ਜਹਾਂ ਕੋਈ ਭੋਜਨ ਕੇ ਵਾਸਤੇ ਕਹੇ ਤਬ ਪ੍ਰਥਮ ਤੋ ਕਿਸੀ ਕੋ ਉੱਤਰ ਨ ਦੇਣਾ, ਜੇ ਬਹੁਤ ਹੀ ਬਾਰ ਕੋਈ ਪੂਛੇ ਤਬ ਉਸ ਕੋ ਗਾਰੀ ਨਿਸਾਕਨੇ ਲਗ ਜਾਵੈਂ, ਫਿਰ ਭੀ ਜੇ ਕੋਈ ਬਹੁਤ ਹੀ ਪੀਛਾ ਕਰੇ ਤਬ ਇਟਾਂ ਪੱਥਰ ਮਾਰਨੇ ਲਗ ਜਾਣਾ, ਫਿਰ ਭੀ ਜੇ ਕੋਈ ਪ੍ਰਸ਼ਾਦ ਤਿਆਰ ਕਰ ਕੇ ਅਗੇ ਲਿਆ ਰਖੇ ਤਬ ਪ੍ਰਸ਼ਾਦ ਛਕਣਾ ਕਬੀ ਆਠਵੇਂ ਦਿਨ, ਕਬੀ ਨਾਵੇਂ ਦਿਨ; ਸਤਵੇਂ ਦਿਨ; ਇਸ ਰੀਤੀ ਸੇ ਅੰਨ ਕਾ ਸੰਯੋਗ ਬਣੇ ਤਬ ਅੰਨ ਖਾਣਾ ਨਹੀਂ ਤੋ ਨਿਰਾਹਾਰ ਹੀ ਰਹਿਣਾ। ਜੇ ਗਰਮੀ ਕੇ ਦਿਨ ਹੋਵੈਂ ਤਬ ਪੌਨ ਕੇ ਸਨਮੁੱਖ ਚਲੈਂ, ਜਬ ਸੀਤਕਾਲ ਹੋਵੇ ਤਬ ਪੌਨ ਕੋ ਪੀਠ ਦੇ ਕੇ ਚਲਤੇ ਹੂਏ ਊਨੇ ਸਾਹਿਬ ਕੀ ਔਰ ਚਲ ਦੀਏ। ਏਕ ਕੋਸ ਭਰ ਪ੍ਰਤਿ ਦਿਨ ਚਲਤੇ ਥੇ, ਕਿਸੀ ਭੀ ਗ੍ਰਾਮ ਕੋ ਛੋਡ ਕੇ ਆਗੇ ਨ ਜਾਵੈਂ, ਔਰ

ਗ੍ਰਾਮ ਮੇਂ ਪ੍ਰਵੇਸ਼ ਨ ਕਰੇਂ,ਨਾ ਕਿਸੀ ਕੋ ਭਿਖਿਆਰਥ ਗ੍ਰਾਮ ਮੇਂ ਜਾਣੇ ਦੇਵੈਂ, ਗ੍ਰਾਮ ਸੇ ਕੋਸ ਅਰਧ ਕੋਸ਼ ਭਰ ਜਹਾਂ ਜਲ ਛਾਇਆ ਹੋਵੈਂ ਤਹਾਂ ਠਹਿਰ ਜਾਵੇਂ, ਜਬ ਕੋਈ ਅੰਨ ਦੇਵੈ ਤਬ ਖਾਵੈਂ, ਸਨੇ ਸਨੇ ਮਾਰਗ ਮੇਂ ਚਲਤੇ ਹੂਏ ਏਕ ਦਿਨ ਸ੍ਰੀ ਖੁਦਾ ਸਿੰਘ ਜੀ ਸੇ ਪੂਛਨੇ ਲਗੇ ਸੰਤ ਵੀਰ ਸਿੰਘ ਜੀ, ਹੇ, ਗੁਰੂ ਜੀ, ਆਪ ਉਨੇ ਸਾਹਿਬ ਕੋ ਚਲੇ ਜਾਤੇ ਹੋ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਦਰਸ਼ਨ ਵਾਸਤੇ, ਹਮਾਰੇ ਆਪ ਕੇ ਸਭਨਾਂ ਕੇ ਭਗਵੇ ਵਸਤਰ ਪਹਨੇ ਹੂਏ ਹੈਂ ਔਰ ਗੁਰੂ ਸਾਹਿਬ ਸਿੰਘ ਜੀ ਭਗਵੇਂ ਬਸਤਰ ਵਾਲੋਂ ਉਪਰ ਪ੍ਰਸੰਨ ਨਹੀਂ ਹੋਤੇ ਹੈਂ ਕਿੰਤੂ ਨਰਾਜ਼ ਹੋਤੇ ਹੈਂ ਮਤੇ ਸਾਹਿਬ ਕੋਪ ਕਰ ਹਮਾਰੇ ਸਹਿਤ ਆਪ ਕਾ ਅਪਮਾਨ ਕਰੈਂ, ਤਾਂ ਤੇ ਉਨੇ ਸਾਹਿਬ ਕੋ ਜਾਣਾ ਯੋਗ ਨਹੀਂ ਹੈ, ਚਲੋ ਈਹਾਂ ਸੇ ਹੀ ਲੋਟ ਚਲੇਂ। ਸਿਖ ਕੇ ਐਸੇ ਬਚਨ ਸੁਣ ਕੇ ਬੜੀ ਕੋਮਲ ਬਾਣੀ ਸੇ ਸਿਖ ਕਾ ਸੰਤੋਖ ਕਰਤੇ ਹੂਏ–ਸ੍ਰੀ ਖੁਦਾ ਸਿੰਘਉ ਵਾਚ–ਹੇ ਸਿਖ, ਗੁਰੂ ਸਾਹਿਬ ਸਿੰਘ ਜੀ ਅੰਤਰਯਾਮੀ ਈਸ੍ਵਰ ਮੂਰਤੀ ਬ੍ਰਹਮ ਰੂਪ ਹੈਂ, ਉਨ ਕੀ ਵਸਤਰੋਂ ਪਰ ਦ੍ਰਿਸ਼ਟੀ ਨਹੀਂ ਹੈ, ਕਿੰਤੂ ਉਨ ਕੀ ਬ੍ਰਹਮ ਦ੍ਰਿਸ਼ਟੀ ਹੈ, ਵੋ ਸਰਬ ਸੰਸਾਰ ਕੋ ਬ੍ਰਹਮ ਰੂਪ ਜਾਨਤੇ ਹੈਂ, ਚਲੋ, ਤੁਮ ਕੋ ਕੁਛ ਭੀ ਨਹੀਂ ਕਹੇਂਗੇ। ਇਸੀ ਪ੍ਰਕਾਰ ਸੇ ਬਚਨ ਬਿਲਾਸ ਕਰਤੇ ਹੂਏ, ਸਨੇ ਸਨੇ ਉਨੇ ਸਾਹਿਬ ਮੇਂ ਪਹੁੰਚ ਕੇ ਸਾਹਿਬਾਂ ਕੇ ਦਰਸ਼ਨ ਵਾਸਤੇ ਦੀਵਾਨ ਮੇਂ ਪਾਂਚੋਂ ਸੰਤ ਜਾਤੇ ਭਏ, ਦੋਨੋਂ ਹਾਥ ਜੋੜ ਕੇ ਨਮਸਕਾਰ ਕਰਤੇ ਭਏ–ਕੈਸੇ ਹੈ ਸਾਹਿਬਾਂ ਕਾ ਦਰਸ਼ਨ ਜੈਸੇ ਤਾਰਿਅਨ ਮੇਂ ਚੰਦਰਮਾ ਸੋਭਤਾ ਹੈ, ਸਵੇਤ ਹੀ ਦਾੜ੍ਹੀ ਹੈ ਮਹਾਰਾਜ ਕੀ, ਸਵੇਤ ਹੀ ਸੀਸ ਪਰ ਦਸਤਾਰ ਹੈ, ਸਵੇਤ ਹੀ ਔਰ ਸਾਰੇ ਵਸਤਰ ਹੈਂ, ਦੁਧ ਕੀ ਫੇਨ ਕੇ ਸਮਾਨ ਸੁੰਦਰ ਰਤਨ ਜਟਿਤ ਸ੍ਵਰਣ ਕੇ ਮੰਚ ਪਰ ਸਿਹਜਾ ਬਿਛੀ ਹੂਈ ਹੈ ਤਿਸ ਪਰ ਸਾਹਿਬ ਬਿਰਾਜਮਾਨ ਹੈਂ। ਸਾਰੇ ਦੀਵਾਨ ਕੇ ਵਸਤਰ ਭੀ ਸਵੇਤ ਹੈਂ, ਸਵੇਤ ਹੀ ਜਿਨ ਕੀ ਕੀਰਤੀ ਸਾਤੋਂ ਸਮੁੰਦਰੋਂ ਪ੍ਰਯੰਤ ਛਾਇ ਰਹੀ ਹੈ, ਤਬ ਇਨ ਕੇ ਸਾਰੇ ਵਸਤਰ ਭਗਵੇ ਦੇਖ ਕਰ ਬੜੇ ਪ੍ਰਸੰਨ ਹੋ ਕਰ ਸਾਹਿਬਾਂ ਨੇ ਬਚਨ ਕੀਆ ਹਾਥ ਉਪਰ ਹਾਥ ਮਾਰ ਕੇ–ਭਾਗ ਹੋਆ ਗੁਰ ਸੰਤ ਮਿਲਾਇਆ। ਪ੍ਰਭ ਅਬਿਨਾਸੀ ਘਰ ਮੇਂ ਪਾਇਆ। ਸੇਵ ਕਰੀ ਪਲ ਚਸਾ ਨ ਵਿਛੜਾ ਜਨ ਨਾਨਕ ਦਾਸ ਤੁਮਾਰੇ ਜੀਓ। ਹਉ ਘੋਲੀ ਜੀਓ ਘੋਲ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਓ।

ਐਸਾ ਬਚਨ ਕਰ ਕੇ ਪੁਨਾ: ਸਾਹਿਬ ਨੇ ਸੇਵਕਾਂ ਕਉ ਹੁਕਮ ਕੀਆ ਕਿ ਜਾਓ ਸੰਤਾਂ ਕਾ ਡੇਰਾ ਦਮਦਮੇ ਮੇ ਕਰਾਇ ਦੇਵਹੁ, ਸੰਤਾਂ ਕੀ ਅਛੀ ਭਲੀ ਪ੍ਰਕਾਰ ਸੇ ਸੇਵਾ ਕਰਨੀ। ਗੁਰੂ ਜੀ ਕੀ ਆਗਿਆ ਪਾਇ ਕੇ ਸਿਖਾਂ ਨੇ ਸੰਤਾਂ ਕਾ ਡੇਰਾ ਦਮਦਮੇ ਸਾਹਿਬ ਮੇਂ ਕਰਾਇ ਦੀਆ। ਜਬ ਡੇਰਾ ਸੰਤਾਂ ਕਾ ਦਮਦਮੇ ਮੇਂ ਹੂਆ ਤਬ ਪ੍ਰਸ਼ਾਦ ਪਾਣੀ ਪਾਇ ਕੇ ਰਾਤ੍ਰੀ ਕੋ ਜਬ ਪਾਂਚੋਂ ਮੂਰਤਾਂ ਇੱਕਤਰ ਹੋਇ ਕੇ ਬੈਠੇ ਤਬ ਸਰਬ ਸੰਤੋਂ ਪ੍ਰਤੀ ਸ੍ਰੀ ਖੁਦਾ ਸਿੰਘ ਜੀ ਨੇ ਬਚਨ ਕੀਆ–ਕਿਉਂ ਭਾਈ ਸੰਤੋ, ਤੁਸੀ ਤੋ ਕਹਿਤੇ ਥੇ ਕਿ ਸਾਹਿਬ ਭਗਵੇ ਵਸਤਰ ਦੇਖ ਕੇ ਨਰਾਜ਼ ਹੋਤੇ ਹੈਂ ਔਰ ਹਮ ਨੇ ਕਹਿਆ ਥਾ ਕਿ ਸਾਹਿਬਾਂ ਕੀ ਵਸਤਰੋਂ ਪਰ ਦ੍ਰਿਸ਼ਟੀ ਨਹੀਂ ਹੈ ਕਿੰਤੂ ਗੁਰੂ ਜੀ ਕੀ ਸਰਬ ਸੰਸਾਰ ਉਪਰ ਬ੍ਰਹਮ ਦ੍ਰਿਸ਼ਟੀ ਹੈ, ਗੁਰੂ ਜੀ ਸਰਬ ਸੰਸਾਰ ਕੋ ਆਤਮਾ ਰੂਪ ਕਰ ਕੇ ਦੇਖਤੇ ਹੈਂ, ਅੰਤਰਯਾਮੀ ਹੈਂ, ਹਮਾਰੀ ਮਾਰਗ ਕੀ ਸਾਰੀ ਬਾਤ ਦੇਖੋ ਤੁਮ ਕੋ ਜਤਾਇ ਦਈ ਹੈ,ਯੇ ਗੁਰੂ ਸਾਹਿਬ ਜੀ ਸਾਖਯਾਤ ਗੁਰੂ ਨਾਨਕ ਗੁਰੂ ਗੋਬਿੰਦ ਕਾ ਸਿੰਘ ਜੀ ਅਵਤਾਰ ਹੈਂ, ਦੇਖੋ ਸਿੰਘੋਂ ਕੇ ਦੀਵਾਨ ਮੇਂ ਮਹਾਰਾਜ ਜੀ ਕੈਸੇ ਸੋਭਤੇ ਹੈਂ ਜੈਸੇ ਦੇਵਤਾ ਕੇ ਸਮੂਹ ਮੇਂ ਇੰਦ੍ਰ ਹੋਵੈਂ, ਜੈਸੇ ਯਾਦਵੋਂ ਕੇ ਸਮੂਹ ਮੇਂ ਸ੍ਰੀ ਗੋਵਿੰਦ ਜੀ ਸੋਭਾਇਮਾਨ ਹੋਵੈਂ, ਦੇਖੋ ਗੁਰੂ ਜੀ ਨੇ ਭਗਵੇ ਵਸਤਰੋਂ ਕਾ ਕਿਤਨਾ ਆਦਰ ਸਤਿਕਾਰ ਕੀਆ ਹੈ ਜੋ ਸ੍ਰੀ ਮੁਖ ਸੇ ਗੁਰੂ ਜੀ ਨੇ ਆਪ ਐਸੇ ਉਚਾਰਣ ਕੀਆ ਹੈ–ਦੋ:

ਸ੍ਰੀ ਗੁਰੂ ਸਾਹਿਬ ਸਿੰਘ ਜੂ, ਕਹਯੋ ਆਜ ਹਮ ਧਨਯ।
ਸੰਤਨ ਕੋ ਘਰ ਆਵਨੋ, ਜੋ ਹੋਵੇ ਪ੍ਰਭੂ ਪ੍ਰਸੰਨਯ।
ਦੋ: ਬਡੇ ਭਾਗ ਜੋ ਸੰਤ ਹਮਾਰੇ। ਆਏ ਹਮ ਪਰ ਕਿਰਪਾ ਧਾਰੇ।
ਸੁੰਦਰ ਬਾਨੀ ਸੇ ਇਮ ਭਾਖੀ। ਮਾਰਗ ਕੀ ਗਤਿ ਇਨ ਸਭ ਲਾਖੀ।

ਐਸਾ ਵਚਨ ਕਰ ਕੇ ਪੁਨਾ: ਹਮ ਪਾਂਚੋਂ ਊਪਰ ਕਰੁਣਾ ਰਸੀਲੇ ਨੇਤਰੋਂ ਸੇ ਭਰ ਕੇ ਸੁਭ ਦ੍ਰਿਸ਼ਟੀ ਕਰ ਕੇ ਦੇਖਤੇ ਭਏ ਹੈਂ ਯਾਂ ਤੇ ਅੰਤਰਜਾਮੀ ਗੁਰੂ ਜੀ ਸਾਖਯਾਤ ਵਿਸ਼ਨੂੰ ਭਗਵਾਨ ਕਾ ਸ੍ਵਰੂਪ ਹੈ, ਇਨ ਕੇ ਊਪਰ ਕਿਸੇ ਪ੍ਰਕਾਰ ਕੀ ਗਿਲਾਨੀ ਕਲਪਨਾ ਨਾ ਕਰਨੀ ਚਾਹੀਏ। ਐਸੇ ਹੀ ਸਾਥ ਕੇ ਸੰਤੋਂ ਕੋ ਉਪਦੇਸ਼ ਕਰਤੇ ਭਏ। ਇਸੀ ਪ੍ਰਕਾਰ ਸੇ ਪ੍ਰਸੰਗ ਪਾਇਕੇ ਸਤਿਗੁਰੂ ਜੀ ਕੇ ਮਹਤਵ ਕੀਆਂ ਕਥਾ ਰਾਤਰੀ ਭੀ, ਦਿਨ ਮੇਂ ਭੀ ਸੰਤੋਂ ਕੋ ਸੁਨਾਇਬੋ ਕਰੈਂ ਔਰ ਬ੍ਰਹਮ ਗਿਆਨ ਕਾ ਉਪਦੇਸ਼ ਕੀਯੋ ਕਰੇ। ਅਨੇਕ ਪ੍ਰਕਰਣ ਤੱਤਵੇਤਿਓਂ ਕੇ ਪ੍ਰਸੰਗ ਪਾਇਕੇ ਇਸੀ ਪ੍ਰਕਾਰ ਸੇ ਸੁਖ ਪੂਰਵਕ ਕਿਤਨੇ ਕੁ ਦਿਵਸ ਊਨੇ ਸਾਹਿਬ ਮੇਂ ਨਿਵਾਸ ਕਰਤੇ ਭਏ। ਪ੍ਰਤਿ ਦਿਨ ਦੋਨੋ ਸਮਿਓਂ ਮੇਂ ਔਰ ਪ੍ਰਾਤਾਕਾਲ ਵ ਤੀਸਰੇ ਪਹਿਰ ਦੀਵਾਨ ਮੇਂ ਗੁਰੂ ਸਾਹਿਬ ਸਿੰਘ ਜੀ ਕੇ ਦਰਸ਼ਨ ਅਰਥ ਜਾਇਆ ਕਰੇਂ ਔਰ ਸ੍ਰੀ ਗੁਰੂ ਜੀ ਕੇ ਮੁਖਾਰਵਿੰਦ ਸੇ ਅੰਮ੍ਰਿਤ ਰੂਪੀ ਵਚਨ ਸਰਵਣ ਕਰਬੋ ਕਰੈਂ ਤਥਾ ਆਪ ਭੀ ਕਬੀ ਯੋਗੀ ਜਨੋਂ ਕੀ ਕਥਾ ਯੋਗ ਕੇ ਵਿਸ਼ਯ ਕੀ ਸੁਨਾਬੋ ਕਰੈਂ।

ਸੋ: ਬਾਸਰ ਕਿਤਕ ਬਿਤਾਇ, ਸੰਤਨ ਸਹਤ ਪ੍ਰਸੰਨ ਮਨ।
ਯੋਗ ਰੀਤਿ ਸਮਝਾਇ, ਸਿਖਨ ਕਰੇ ਨਿਹਾਲ ਅਬ।

ਓਂ ਤੱਤ ਸਤ, ਇਤਿ ਸ੍ਰੀ ਬੀਰ ਮ੍ਰਿਗੇਸ਼ ਗੁਰੂ ਬਿਲਾਸ ਦੇਵਤਰੂ ਊਨੇ ਸਾਹਿਬ ਕੀ ਯਾਤਰਾ ਵਰਨਨੰ, ੨ ਸਕੰਧ ੧੫ ਅਧਿਆਇ ਵਰਨਨੰ।

# ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਹੈਲਥ ਸੈਂਟਰ ਮਨਸੂਰਾਂ

ਸੰਗਤਾਂ ਨੂੰ ਇਹ ਪੜ੍ਹ ਕੇ ਬੜੀ ਪ੍ਰਸੰਨਤਾ ਤੇ ਖੁਸ਼ੀ ਹੋਵੇਗੀ ਕਿ ਮਨਸੂਰਾਂ ਵਿਖੇ ਦਮਦਮਾ ਬਾਬਾ ਸਾਹਿਬ ਸਿੰਘ ਜੀ ਦਾ ਅਸਥਾਨ ਤਿਆਰ ਹੋ ਰਿਹਾ ਹੈ। ਸਰੋਵਰ ਤੇ ਇਮਾਰਤਾਂ ਬਣ ਚੁਕੀਆਂ ਹਨ। ਦਰਸ਼ਨੀ ਡਿਉਢੀ ਦੀਆਂ ਨੀਹਾਂ ਭਰੀਆਂ ਜਾ ਚੁਕੀਆਂ ਹਨ ਤੇ ਅਗੇ ਉਸਥਾਨਤਾ ਸ਼ੁਰੂ ਹੈ। ਬਾਬਾ ਜੀ ਨੇ ਪਾਤਸ਼ਾਹ ਦੇ ਨਾਂ ਤੇ ਅਸਥਾਨ ਵਿਖੇ ਗਰੀਬ ਗੁਰਸਿਖਾਂ ਲਈ ਫ਼ਰੀ ਹੈਲਥ ਸੈਂਟਰ ਬਰਾਊਨ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਖੋਲ੍ਹ ਦਿਤਾ ਹੈ।

ਉਦਘਾਟਨ ਸਮੇਂ ਡਿਪਟੀ ਕਮਿਸ਼ਨਰ ਸਾਹਿਬ ਲੁਧਿਆਣਾ ਤੇ ਇਲਾਕਾ ਨਿਵਾਸੀ ਜਨਤਾ ਨੇ ਬੜੀ ਖੁਸ਼ੀ ਪਰਗਟ ਕੀਤੀ ਜੋ ਗੁਰਗੱਦੀ ਵਲੋਂ ਐਡਾ ਵਡਾ ਸੁੰਦਰ ਅਸਥਾਨ ਕਾਇਮ ਹੋ ਰਿਹਾ ਹੈ।

ਇਸ ਅਸਥਾਨ ਲਈ ਮਈ ਤੇ ਜੂਨ 1975 ਨੂੰ ਇਕ ਹਜ਼ਾਰ ਰੁਪਇਆ ਬਰਾਊਨ ਹਸਪਤਾਲ ਨੂੰ ਅਸਥਾਨ ਵਲੋਂ ਡਾਕਟਰਾਂ ਤੇ ਨਰਸਾਂ ਦੀ ਸੇਵਾ ਤੇ ਦਵਾਈਆਂ ਲਈ ਦਿਤਾ ਜਾ ਚੁਕਾ ਹੈ ਅਤੇ ਹਰ ਮਹੀਨੇ ਗੁਰਗੱਦੀ ਵਲੋਂ ਦਿਤਾ ਜਾ ਰਿਹਾ ਹੈ। ਇਸ ਸੈਂਟਰ ਤੋਂ ਅਨੇਕਾਂ ਸੰਗਤਾਂ ਸਰੀਰਕ ਤੌਰ ਤੇ ਵੀ ਲਾਭ ਉਠਾ ਰਹੀਆਂ ਹਨ। ਜਿਥੇ ਆਤਮਕ ਤੌਰ ਤੇ ਅੱਗੇ ਹੀ ਇਹਨਾਂ ਨੂੰ ਨਾਮ ਸਿਮਰਨ ਤੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਜੋੜਿਆ ਜਾਂਦਾ ਹੈ।

ਸੇਵਕ–ਗੁਰਗੱਦੀ

ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

"ਜਿਤੀ ਨਵ ਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥" "ਅਰਾਧ ਏਕੰਕਾਰ ਸਾਚਾ ਨਿਤ ਦੇਇ ਚੜ੍ਹੈ ਸਵਾਇਆ ।"

ਸਤਿਨਾਮ ਸ੍ਰੀ ਵਾਹਿਗੁਰੂ

ੴ

ਧੰਨ ਗੁਰੂ ਨਾਨਕ

# ਮਾਹਵਾਰੀ ਧਾਰਮਿਕ ਦੀਵਾਨ

ਧੰਨ ਗੁਰੂ ਨਾਨਕ

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਜੀ ਦੇ ਦਮਦਮੇ ਅਸਥਾਨਾਂ ਤੇ ਬੜੇ ਭਾਰੀ ਦੀਵਾਨ ਸਜਾਏ ਜਾਂਦੇ ਹਨ ਤੇ ਬੇਅੰਤ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਹਾਜ਼ਰੀ ਭਰ ਕੇ ਲਾਭ ਉਠਾਉਂਦੀਆਂ ਹਨ । ਸੋ, ਸੰਗਤਾਂ ਨੂੰ ਸੂਚਨਾ ਲਈ ਇਹ ਪੱਤਰ ਘਲਿਆ ਜਾਂਦਾ ਹੈ ਜੋ ਇਹ ਦੀਵਾਨ ਹੇਠ ਲਿਖੀਆਂ ਤਾਰੀਖਾਂ ਤੇ ੧੯੭੬ ਸਾਲ ਵਿਚ ਹੋਣਗੇ—

| ਹਰ ਦਸਵੀਂ ਵਾਲੇ ਦਿਨ ਪਿੰਡ ਮਨਸੂਰਾਂ (ਜ਼ਿਲਾ ਲੁਧਿਆਣਾ) ਵਿਖੇ | | ਹਰ ਅਮਾਵਸ ਵਾਲੇ ਦਿਨ ਪਿੰਡ ਦਖਨੀ ਕੀ ਸਰਾਏ (ਜ਼ਿਲਾ ਜਲੰਧਰ) ਵਿਖੇ | |
|---|---|---|---|
| ਸੋਮਵਾਰ ੧੨ ਜਨਵਰੀ ੧੯੭੬ | ਮੰਗਲਵਾਰ ੬ ਜੁਲਾਈ ੧੯੭੬ | ਵੀਰਵਾਰ ੧ ਜਨਵਰੀ ੧੯੭੬ | ਐਤਵਾਰ ੨੭ ਜੂਨ ੧੯੭੬ |
| ਮੰਗਲਵਾਰ ੧੦ ਫਰਵਰੀ ੧੯੭੬ | ਵੀਰਵਾਰ ੫ ਅਗਸਤ ੧੯੭੬ | ਸਨਿਚਰਵਾਰ ੩੧ ਜਨਵਰੀ ੧੯੭੬ | ਮੰਗਲਵਾਰ ੨੭ ਜੁਲਾਈ ੧੯੭੬ |
| ਸ਼ੁਕਰਵਾਰ ੧੧ ਮਾਰਚ ੧੯੭੬ | ਸ਼ੁਕਰਵਾਰ ੩ ਸਤੰਬਰ ੧੯੭੬ | ਐਤਵਾਰ ੨੯ ਫਰਵਰੀ ੧੯੭੬ | ਬੁਧਵਾਰ ੨੫ ਅਗਸਤ ੧੯੭੬ |
| ਸ਼ੁਕਰਵਾਰ ੯ ਅਪ੍ਰੈਲ ੧੯੭੬ | ਸਨਿਚਰਵਾਰ ੨ ਅਕਤੂਬਰ ੧੯੭੬ | ਮੰਗਲਵਾਰ ੩੦ ਮਾਰਚ ੧੯੭੬ | ਵੀਰਵਾਰ ੨੩ ਸਤੰਬਰ ੧੯੭੬ |
| ਐਤਵਾਰ ੯ ਮਈ ੧੯੭੬ | ਸੋਮਵਾਰ ੧ ਨਵੰਬਰ ੧੯੭੬ | ਵੀਰਵਾਰ ੨੯ ਅਪਰੈਲ ੧੯੭੬ (ਸੂਰਜ ਗ੍ਰਹਿਣ) | ਸੋਮਵਾਰ ੨੩ ਅਕਤੂਬਰ ੧੯੭੬ |
| ਸੋਮਵਾਰ ੭ ਜੂਨ ੧੯੭੬ (ਸਾਲਾਨਾ ਸਮਾਗਮ ਜੋਤੀ ਜੋਤਿ) | ਬੁਧਵਾਰ ੧ ਦਸੰਬਰ ੧੯੭੬ | ਸ਼ੁਕਰਵਾਰ ੨੮ ਮਈ ੧੯੭੬ | ਐਤਵਾਰ ੨੧ ਨਵੰਬਰ ੧੯੭੬ |
| | | | ਮੰਗਲਵਾਰ ੨੧ ਦਸੰਬਰ ੧੯੭੬ |

ਇਹਨਾਂ ਦਿਹਾੜਿਆਂ ਤੇ ਅਖੰਡ ਪਾਠਾਂ ਦੇ ਭੋਗ ਹਰ ਦਸਵੀਂ ਨੂੰ ੧੧ ਵਜੇ ਪੈਂਦੇ ਹਨ ਤੇ ੨ ਵਜੇ ਤਕ ਦੀਵਾਨ ਸਜਦੇ ਹਨ । ਗੁਰੂ ਕਾ ਲੰਗਰ ਅਤੁਟ ਵਰਤਦਾ ਹੈ ।

ਸੂਚਨਾ :—

੧ ਹਰ ਪੂਰਨਮਾਸ਼ੀ ਅਤੇ ਅਮਾਵਸ ਦੀ ਰਾਤ ਦਾ ਦੀਵਾਨ ਨਗਰ ਮਨਸੂਰਾਂ ਵਿਖੇ ਹੁੰਦਾ ਹੈ ।
ਹਰ ਅਸ਼ਟਮੀ ਦੀ ਰਾਤ ਦਾ ਦੀਵਾਨ ਨਗਰ ਜੋਧਾਂ ਵਿਖੇ ਹੁੰਦਾ ਹੈ ।
ਹਰ ਅਸ਼ਟਮੀ ਦੀ ਸਵੇਰ ਦਾ ਦੀਵਾਨ ਨਗਰ ਖੰਡੂਰ ਵਿਖੇ ਹੁੰਦਾ ਹੈ ।

੨ ਇਮਾਰਤ ਮਨਸੂਰਾਂ—ਸੰਗਤਾਂ ਦੇ ਬਿਸਰਾਮ ਲਈ ੩੨ ਕਮਰੇ ਤੇ ਸਰੋਵਰ ਅਕਾਸ਼ੀ ਬਣਾਏ ਜਾ ਚੁਕੇ ਹਨ । ਪਵਿੱਤਰ ਅੰਮ੍ਰਿਤ ਜਲ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਖੂਹ ਦਾ—ਜਿਸ ਨੂੰ ਦੇਹ ਅਰੋਗਤਾ ਦਾ ਵਰ ਹੈ—ਪਾਇਆ ਜਾਂਦਾ ਹੈ । ਹੁਣ ਚਾਰ-ਦੀਵਾਰੀ ਤੇ ਦਰਸ਼ਨੀ ਡਿਉੜੀ ਲਈ ਸਹਾਇਤਾ ਖੁਲ੍ਹੇ ਦਿਲ ਨਾਲ ਸੰਗਤਾਂ ਕਰਨ, ਤਾਂ ਜੋ ਛੇਤੀ ਮੁਕੰਮਲ ਹੋ ਜਾਣ । ਆਸ ਹੈ ਦਾਸ ਦੀ ਬੇਨਤੀ ਪ੍ਰਵਾਨ ਕਰੋਗੇ । ਚਾਰ-ਦੀਵਾਰੀ ਤੇ ਦਰਸ਼ਨੀ ਡਿਉੜ੍ਹੀ ਦਾ ਮਹੂਰਤ ੨੪ ਨਵੰਬਰ ੧੯੭੪ ਨੂੰ ਹੋ ਚੁਕਾ ਹੈ ਤੇ ਇਮਾਰਤ ਆਰੰਭ ਹੈ । ਭਾਗਾਂ ਵਾਲਿਓ ਆਪੋ ਆਪਣਾ ਹਿੱਸਾ ਸੇਵਾ ਵਿਚ ਪਾ ਲਓ ।

੩ ਮਨਸੂਰਾਂ ਦਮਦਮਾ ਅਸਥਾਨ ਬਾਬਾ ਸਾਹਿਬ ਜੀ ਵਿਚ ਹਰ ਦਸਮੀ ਨੂੰ ਪ੍ਰੇਮੀਆਂ ਵਲੋਂ ਅਖੰਡ ਪਾਠਾਂ ਦੀ ਲੜੀ ਚਲਦੀ ਹੈ ਜੋ ਵਾਰੀ

ਸਿਰ ਰਖੇ ਤੇ ਭੋਗ ਪਾਏ ਜਾਂਦੇ ਹਨ ਤੇ ਅਭਿਲਾਸ਼ੀਜਨ ਆਪਣੀਆਂ ਮਨੋਕਾਮਨਾਵਾਂ ਪੂਰਨ ਕਰਾ ਕੇ ਨਿਹਾਲ ਹੁੰਦੇ ਹਨ। ਜਿਨ੍ਹਾਂ ਸਜਣਾਂ ਨੇ ਦਸਵੀਂ ਵਾਲੇ ਦਿਨ ਅਖੰਡ ਪਾਠ ਰਖਵਾਉਣੇ ਹੋਣ, ਉਹ ਪਹਿਲਾਂ ਪਤਾ ਦੇਣ ਦੀ ਕ੍ਰਿਪਾਲਤਾ ਕਰਨ।

੪ ਸਾਲਾਨਾ ਸਮਾਗਮ ਜੋਤੀਜੋਤਿ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ੮ ਜੂਨ ੧੯੭੬ ਦਿਨ ਮੰਗਲਵਾਰ ਨੂੰ ਮਨਸੂਰਾਂ ਵਿਖੇ ਮਨਾਇਆ ਜਾਵੇਗਾ। ੬ ਜੂਨ ਨੂੰ ਜਲੂਸ ਜੋਧਾਂ ਨਗਰ ਵਿਖੇ ਅਤੇ ੭ ਜੂਨ ਨੂੰ ਮਨਸੂਰਾਂ ਵਿਖੇ ਨਿਕਲੇਗਾ। ਦਸਵੀਂ ਹਰ ਮਹੀਨੇ ਵਾਂਗ ੭ ਜੂਨ ਸੋਮਵਾਰ ਨੂੰ ਮਨਾਈ ਜਾਵੇਗੀ।

੫ ਗੁਰਪੁਰਬ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਊਨਾ ਸਾਹਿਬ ਵਿਖੇ ੨੬, ੨੭, ੨੮ ਮਾਰਚ ੧੯੭੬ ਸ਼ੁਕਰਵਾਰ, ਸ਼ਨਿਚਰਵਾਰ, ਤੇ ਐਤਵਾਰ ਨੂੰ ਮਨਾਇਆ ਜਾਵੇਗਾ। ਜਲੂਸ ਸ਼ਨਿਚਰਵਾਰ ੨੭ ਤਾਰੀਖ ਹੋਵੇਗਾ।

੬ ਗੁਰਪੁਰਬ ਜੋਤੀ ਜੋਤ ਸਮਾਗਮ ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿਖੇ ੧੫ ਤੋਂ ੨੨ ਅਗਸਤ ਤਕ ਹੋਵੇਗਾ। ੨੨ ਨੂੰ ਭੋਗ, ਜੱਗ ਤੇ ਨਿਤ ਦੀਵਾਨ ਮੰਜੀ ਸਾਹਿਬ ਹੋਣਗੇ। ਗੁਰੂ ਰਾਮਦਾਸ ਪਾਤਸ਼ਾਹ ਦੇ ਸੇਵਾਦਾਰਾਂ ਦਾ ਭੰਡਾਰਾ ੨੩ ਤਾਰੀਖ ਦੁਪਹਿਰ ਨੂੰ ਹੋਵੇਗਾ।

੭ ਸ੍ਰੀਮਾਨ ਸੰਤ ਨੰਦ ਸਿੰਘ ਜੀ ਦੀ ਬਰਸੀ ੨੮, ੨੯, ੩੦ ਅਗਸਤ ੧੯੭੬ ਨੂੰ ਨਾਨਕਸਰ ਪੁਜ ਕੇ ਮਨਾਈ ਜਾਵੇਗੀ ਤੇ ਬੌਲੀ ਸਾਹਿਬ ਅਸਥਾਨ ਤੇ ਹਰ ਸਾਲ ਵਾਂਗ ਅਤੁਟ ਗੁਰੂ ਕਾ ਲੰਗਰ ਚਲੇਗਾ, ਜਿਸ ਤੋਂ ਹਜ਼ਾਰਾਂ ਪ੍ਰਾਣੀ ਲਾਭ ਪ੍ਰਾਪਤ ਕਰਨਗੇ।

੮ "ਅਜੂਨੀ" ਮਾਸਕ ਪੱਤਰ ਬੜੇ ਖਰਚ ਨਾਲ ਛਾਪ ਕੇ, ਘਰ ਘਰ ਮੁਫਤ ਘਲਿਆ ਜਾਂਦਾ ਹੈ, ਜੋ ਆਸ਼ਰਮ ਤੇ ਭਾਰੀ ਬੋਝ ਹੈ। ਦਾਨੀ ਸਜਨ ਖੁਲ੍ਹੇ ਦਿਲ ਨਾਲ ਸਹਾਇਤਾ ਕਰਨ ਤਾਂ ਜੋ ਛਪਦਾ ਰਹੇ।

ਮਨਸੂਰਾਂ ਪਿੰਡ, ਲੁਧਿਆਣਾ–ਪੱਖੋਵਾਲ ਵਾਲੀ ਪੱਕੀ ਸੜਕ ਉੱਤੇ ਹੈ।
ਦਖਨੀ ਕੀ ਸਰਾਂ, ਬੇਈਂ ਦੇ ਕੰਢੇ ਨਕੋਦਰ–ਕਪੂਰਥਲੇ ਵਾਲੀ ਸੜਕ ਉੱਤੇ ਹੈ।
ਵਲੋਂ ਸਾਧ-ਸੰਗਤ ਦਾ ਸੇਵਾਦਾਰ—ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਗੱਦੀ-ਨਸ਼ੀਨ

# ਜ਼ਰੂਰੀ ਸੂਚਨਾ

ਅਜੂਨੀ ਦਾ ਇਹ ਪਰਚਾ ਪਾਠਕਾਂ ਪਾਸ ਕੁਝ ਦੇਰ ਨਾਲ ਪਹੁੰਚ ਰਿਹਾ ਹੈ, ਕਾਰਨ ਇਹ ਹੈ ਕਿ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਸੰਗਤਾਂ ਦੀ ਤੀਬਰ ਖਿਚ ਸਦਕਾ ਦੋ ਮਹੀਨੇ ਬਦੇਸ਼ਾਂ ਵਿਚ ਧਰਮ ਪ੍ਰਚਾਰ ਹਿਤ ਵਿਚਰਦੇ ਰਹੇ ਹਨ। ਜਦ ਵਾਪਸ ਪਹੁੰਚੇ ਤਾਂ ਆਪ ਦੀ ਤਬੀਅਤ ਬਹੁਤ ਨਰਮ ਸੀ ਜਿਸ ਤੇ ਆਪ ਨੂੰ ਲਗਪਗ ਦੋ ਹਫਤੇ ਹਸਪਤਾਲ ਵਿਚ ਦਾਖਲ ਰਹਿ ਕੇ ਇਲਾਜ ਕਰਾਣਾ ਪਿਆ।

ਸਤਿਗੁਰੂ ਜੀ ਦੀ ਅਪਾਰ ਮੇਹਰ ਦੁਆਰਾ ਹੁਣ ਬਾਬਾ ਜੀ ਦੀ ਸਿਹਤ ਠੀਕ ਹੈ ਤੇ ਆਪ ਦਮਦਮਾ ਮਨਸੂਰਾਂ ਵਿਚ ਹੀ ਆਰਾਮ ਕਰ ਰਹੇ ਹਨ। ਫਿਰ ਵੀ ਆਈਆਂ ਸੰਗਤਾਂ ਵਿਚ ਧਰਮ ਪ੍ਰਚਾਰ ਦਾ ਸਿਲਸਲਾ ਜਾਰੀ ਰਹਿੰਦਾ ਹੈ।

ਦਾਸ–ਸੇਵਾਦਾਰ ਡੇਰਾ

# ਗੁਰ-ਬੰਸਾਵਲੀ

ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਸਿੱਖ ਮੱਤ ਦੇ ਬਾਨੀ

ਬਾਬਾ ਸ੍ਰੀ ਚੰਦ ਜੀ ਉਦਾਸੀ ਸੰਪਰਦਾ ਦੇ ਬਾਨੀ — ਬਾਬਾ ਲਖਮੀ ਚੰਦ ਜੀ

ਬਾਬਾ ਧਰਮ ਚੰਦ ਜੀ

ਬਾਬਾ ਮਾਣਕ ਚੰਦ ਜੀ — ਬਾਬਾ ਮੇਹਰ ਚੰਦ ਜੀ

ਬਾਬਾ ਦਾਤਾਰ ਚੰਦ ਜੀ, ਬਾਬਾ ਜਗਤ ਚੰਦ ਜੀ ਬਾਬਾ ਹੰਸ ਰਾਜ ਜੀ, ਬਾਬਾ ਅਨਾਇਤ ਚੰਦ ਜੀ

ਬਾਬਾ ਗੁਰਦਿਤ ਚੰਦ ਜੀ, ਬਾਬਾ ਪਹਾੜ ਚੰਦ ਜੀ, ਬਾਬਾ ਤਾਰਾ ਚੰਦ ਜੀ, ਬਾਬਾ ਫਤਹਿ ਚੰਦ ਜੀ, ਬਾਬਾ ਉਦੇ ਚੰਦ ਜੀ

ਬਾਬਾ ਹਰਿਕਰਣ ਚੰਦ ਜੀ, ਬਾਬਾ ਮਨਸਾ ਚੰਦ ਜੀ, ਬਾਬਾ ਆਸਾ ਚੰਦ ਜੀ, ਬਾਬਾ ਸੂਰਜ ਸਿੰਘ ਜੀ

ਬਾਬਾ ਨਿਹਾਲ ਚੰਦ ਜੀ, ਬਾਬਾ ਹਰਜਸ ਜੀ, ਬਾਬਾ ਦੀਪ ਚੰਦ ਜੀ, ਬਾਬਾ ਸੁਖਦੇਵ ਜੀ

ਬਾਬਾ ਕਲਾਧਾਰੀ ਜੀ ਬਾਬਾ ਲੱਜਾਧਾਰੀ ਜੀ

ਦਾਬਾ ਕੁਇਰ ਸਿੰਘ ਜੀ, ਬਾਬਾ ਧਰਮ ਸਿੰਘ ਜੀ ਬਾਬਾ ਅਜੀਤ ਸਿੰਘ ਜੀ ਬਾਬਾ ਸਾਗਰ ਚੰਦ ਜੀ ਬਾਬਾ ਅਵਤਾਰ ਚੰਦ ਜੀ

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ 'ਬੇਦੀ'

ਸ੍ਰੀ ਬਿਸ਼ਨ ਸਿੰਘ ਜੀ — ਸ੍ਰੀ ਬਾਬਾ ਤੇਗ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ

ਸ੍ਰੀ ਬਾਬਾ ਅਤਰ ਸਿੰਘ ਜੀ — ... — ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ

ਸ੍ਰੀ ਬਾਬਾ ਖੇਮ ਸਿੰਘ ਜੀ — — — ਸ੍ਰੀ ਹਜ਼ੂਰ ਬਾਬਾ ਰਾਮ ਕਿਸ਼ਨ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਦਵਿੰਦਰ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ
(ਵਰਤਮਾਨ ਗੱਦੀ-ਨਸ਼ੀਨ)

ਟਿੱਕਾ ਸਰਬਜੋਤ ਸਿੰਘ ਜੀ



ਸ੍ਰੀ ਹਜ਼ੂਰ ਜੀ. ਸ. ਗੁਰਬਚਨ ਸਿੰਘ ਜੀ ਸੇਂਹਬੀ, ਨਿਰੋਬੀ ਵਾਲਿਆਂ ਦੇ ਗ੍ਰਹਿ ਵਿਖੇ । ਦਰਮਿਆਨ ਵਿਚ ਹਨ ਸ. ਕੁਲਵੰਤ ਸਿੰਘ ਜੀ, ਜਿਨ੍ਹਾਂ ਦੀ ਪ੍ਰੇਰਨਾ ਦੁਆਰਾ ਇਹ ਨੈਰੋਬੀ ਦੀ ਯਾਤਰਾ ਹੋਈ ਤੇ ਸੰਗਤਾਂ ਦੇ ਦਰਸ਼ਨ ਪ੍ਰਾਪਤ ਹੋਏ ।



ਸ੍ਰੀ ਹਜ਼ੂਰ ਜੀ, ਨੈਰੋਬੀ ਨਿਵਾਸੀ ਸੰਗਤਾਂ ਸਮੇਤ । ਸ. ਹਰੀ ਸਿੰਘ ਜੀ ਸ੍ਰੀ ਹਜ਼ੂਰ ਦੇ ਪਾਸ ਬੈਠੇ ਹਨ ਜਿਨ੍ਹਾਂ ਨੇ ਪ੍ਰੇਰਨਾ ਕਰਕੇ ਸ੍ਰੀ ਹਜ਼ੂਰ ਜੀ ਨੂੰ ਆਪਣੇ ਪਾਸ ਰਖਿਆ ਤੇ ਗੁਰ ਸੰਗਤਾਂ ਦੇ ਦਰਸ਼ਨ ਕਰਵਾਏ ।



ਸ੍ਰੀ ਹਜ਼ੂਰ ਜੀ. ਨੈਰੋਬੀ (ਕੇਨਿਆ ਅਫਰੀਕਾ) ਵਿਚ ਇਕ ਗੁਰਸਿਖ ਦੇ ਗ੍ਰਿਹ ਵਿਖੇ ।




ਦਬੱਈ ਤੋਂ ਸ੍ਰੀ ਹਜ਼ੂਰ ਜੀ ਨੂੰ ਦੁਬੱਈ ਦੀਆ ਸੰਗਤਾਂ ਵਲੋਂ ਵਿਦੈਗੀ । ਸ੍ਰੀ ਹਜ਼ੂਰ ਜੀ ਨਾਲ ਸੇਠ ਠਾਕਰਦਾਸ ਤੇ ਆਪ ਦੀ ਧਰਮ ਪਤਨੀ ਸ੍ਰੀਮਤੀ ਨਿਮੀ ਦੇਵੀ ।